## 75

# ''ਅਤੇ ਉਹ ਚਲਿਆ ਗਿਆ'' (1)

### ਬਾਈਬਲ ਪਾਠ #31

VII. ਯਿਸੂ ਦੀ ਸੇਵਕਾਈ ਦਾ ਆਖ਼ਰੀ ਹਫ਼ਤਾ (ਚੱਲਦਾ)।

ਹ. ਮੰਗਲਵਾਰ: ''ਸਵਾਲਾਂ ਦਾ ਵੱਡਾ ਦਿਨ'' (ਚੱਲਦਾ)।

5. ਵਿਧਵਾ ਦਾ ਦਾਨ (ਮਰਕੁਸ 12:41–44; ਲੂਕਾ 21:1–4)।
6. ਭੀੜ ਨੂੰ ਉਪਦੇਸ਼।

ੳ. ਗੈਰ ਕੌਮ ਯਿਸੂ ਨੂੰ ਭਾਲਦੇ ਹਨ (ਯੂਹੰਨਾ 12:20–22)।

ਅ. ਯਿਸੂ ਦੀ ਨਜ਼ਦੀਕੀ ਮੌਤ– ਯਹੂਦੀਆਂ ਅਤੇ ਗੈਰ ਕੌਮਾਂ ਦੋਹਾਂ ਲਈ (ਯੂਹੰਨਾ 12:23–36)।

ੲ. ਯਿਸੂ ਨੂੰ ਯਹੂਦੀਆਂ ਵੱਲੋਂ ਰੱਦਿਆ ਗਿਆ (ਯੂਹੰਨਾ 12:37–50)।

7. ਯਰੂਸ਼ਲਮ ਦੀ ਬਰਬਾਦੀ ਅਤੇ ਦੂਜੀ ਆਮਦ ਤੇ ਰਸੂਲਾਂ ਨੂੰ ਉਪਦੇਸ਼।

ੳ. ਟਿੱਪਣੀਆਂ ਅਤੇ ਸਵਾਲ (ਮੱਤੀ 24:1–3; ਮਰਕੁਸ 13:1–4; ਲੂਕਾ 21:5–7)।

ਅ. ਯਰੂਸ਼ਲਮ ਦੀ ਬਰਬਾਦੀ ਤੇ ਸਿੱਖਿਆ।

(1) ਯਰੂਸ਼ਲਮ ਦੀ ਬਰਬਾਦੀ ਨਾਲ ਅਸਬੰਧਿਤ ਘਟਨਾਵਾਂ (ਮੱਤੀ 24:4–14; ਮਰਕੁਸ 13:5–15; ਲੂਕਾ 21:8–19)।

### ਜਾਣ ਪਛਾਣ

ਮੰਗਲਵਾਰ ਦਾ ਦਿਨ ਆਖ਼ਿਰਕਾਰ ਗੁਜ਼ਰਣ ਵਾਲਾ ਸੀ। ਯਿਸੂ ਅਤੇ ਉਸਦ ਦੁਸ਼ਮਣਾਂ ਦੀ ਮੁਠਭੇੜ ਖ਼ਤਮ ਹੋ ਚੁੱਕੀ ਸੀ। ਮਸੀਹ ਸਦਾ ਲਈ ਹੈਕਲ ਤੋਂ ਦੂਰ ਜਾਣ ਵਾਲਾ ਸੀ। ਇਸ ਪਾਠ ਵਿਚ ਅਸੀਂ ''ਵਿਧਵਾ ਦਾ ਦਾਨ,'' ਯਿਸੂ ਨਾਲ ਮਿਲਣ ਆਏ ਯੂਨਾਨੀਆਂ ਅਤੇ ਹੈਕਲ ਦੇ ਨਾਸ ਬਾਰੇ ਪ੍ਰਭੂ ਦੀਆਂ ਹੈਰਾਨ ਕਰਨ ਵਾਲੇ ਐਲਾਨ ਦਾ ਅਧਿਐਨ ਕਰਾਂਗੇ।[1]

### ਹੈਕਲ ਵਿਚ ਮੁਆਇਨਾ
### (ਮਰਕੁਸ 12:41-44; ਲੂਕਾ 21:1-4)।

ਸ਼ਬਦਾਂ ਦੀ ਜੰਗ ਤੋਂ ਬਾਅਦ, ਯਿਸੂ ਔਰਤਾਂ ਦੇ ਵਿਹੜੇ ਵਿਚ ਚਲਿਆ ਗਿਆ।[2] ਉੱਥੇ ਉਸ ਨੇ ਲੋਕਾਂ ਨੂੰ ਹੈਕਲ ਵਿਚ ਧਨ ਦੇ ਸੰਦੂਕਾਂ ਵਿਚ ਆਪਣਾ ਧਨ ਪਾਉਂਦੇ ਵੇਖਿਆ। ਇਕ ਵਿਧਵਾ ਨੂੰ ਜਿਸ ਨੇ ,ਆਪਣੇ ਤਾਂਬੇ ਦੇ ਦੋ ਸਿਖਿਆ, ''ਅਰਥਾਤ ਆਪਣੀ ਸਾਰੀ ਪੂੰਜੀ'' ਪਾ ਦਿੱਤਾ, ਵੇਖ ਕੇ ਉਸ ਦਾ ਮਨ ਪ੍ਰਭਾਵਿਤ ਹੋਇਆ। ਉਹ ਉਸ ਤੋਂ ਪ੍ਰਭਾਵਿਤ ਹੋ ਕੇ ਆਪਣੇ ਚੇਲਿਆਂ ਵਿਚ ਉਸ ਦੀ ਪ੍ਰਸ਼ੰਸਾ ਕਰਨ ਲੱਗਾ (ਮਰਕੁਸ 12:42–44; ਲੂਕਾ 21:2–4)।

ਇਸ ਦਿਲ ਛੂਹ ਲੈਂਦ ਵਾਲੇ ਦ੍ਰਿਸ਼ ਨੂੰ ਕਿਉਂ ਲਿਖਿਆ ਗਿਆ ਸੀ? ਸ਼ਾਇਦ ਇਹ ਯਿਸੂ ਨੂੰ ਨਾਸ ਕਰਨ ਵਾਲਾ ਦ੍ਰਿੜ ਸੰਕਲਪ ਲੋਕਾਂ ਵਿਚ ਫ਼ਰਕ ਕਰਨ ਲਈ ਸੀ। ਇਹ ਔਰਤ ਹੈਕਲ ਵਿਚ

ਖ਼ੁਦਾ ਪ੍ਰਤੀ ਆਪਣੇ ਪਿਆਰ ਦੇ ਕਾਰਣ ਆਈ ਸੀ, ਜਦਕਿ ਸਦੂਕੀ ਅਤੇ ਫ਼ਰੀਸੀ ਉੱਥੇ ਖ਼ਾਸ ਤੌਰ ਤੇ ਯਿਸੂ ਪ੍ਰਤੀ ਨਫ਼ਰਤ ਦੇ ਕਾਰਣ ਆਏ ਸਨ। ਬੀ. ਐਸ. ਡੀਨ ਨੇ ਟਿੱਪਣੀ ਕੀਤੀ ਹੈ, ''ਵੱਡੀ ਫਟਕਾਰ *[ ਮੱਤੀ 23 ਵਿਚ ]*, ਦੇ ਬਾਅਦ ਇਹ ਸੋਹਣੀ ਘਟਨਾ, ਕਿਸੇ ਹਿਮਨਦ ਦੀ ਗੋਦ ਵਿਚ ਬੈਂਗਣੀ ਚਸ਼ਮੇ ਵਾਂਗ ਲਗਦੀ ਹੈ।''[3]

## ਹੈਕਲ ਵਿਚ ਠੁਕਰਾਇਆ ਜਾਣਾ (ਯੂਹੰਨਾ 12:20-50)

### ਪਰਾਈਆਂ ਕੌਮਾਂ ਰਾਹੀਂ ਭਾਲਿਆ ਗਿਆ (ਆਇਤਾਂ 20-36)

ਕੁਝ ਦਿਨ ਪਹਿਲਾਂ ਫ਼ਰੀਸੀਆਂ ਨੇ ਯਿਸੂ ਬਾਰੇ ਕਿਹਾ ਸੀ, ''... ਜਗਤ ਉਹਦੇ ਪਿੱਛੇ ਲੱਗ ਤੁਰਿਆ'' (ਯੂਹੰਨਾ 12:19)। ਅਗਲੀ ਘਟਨਾ ਮਸੀਹ ਦੇ ਆਮ ਕਸ਼ਿਸ਼ ਨੂੰ ਵਿਖਾਉਂਦੀ ਹੈ: ਜਦ ਪ੍ਰਭੂ ਹੈਕਲ ਵਿਚ ਸੀ, ਤਾਂ ਕੁਝ ਯੂਨਾਨੀ ਉਸ ਨੂੰ ਲੱਭਦੇ ਹੋਏ ਆਏ।[4] ਇਹ ਪਰਾਈਆਂ ਕੌਮਾਂ ਉਸ ਦੀ ਸੰਗਤੀ ਪਾਉਣ ਲਈ ਉਸ ਨੂੰ ਲੱਭ ਰਹੀਆਂ ਸਨ, ਜਦਕਿ ਉਸਦੇ ਦੁਸ਼ਮਣ ਉਸਦੀ ਜਾਨ ਦੇ ਪਿੱਛੇ ਪਏ ਹੋਏ ਸਨ।

ਸਾਡੇ ਕੋਲ ਇਹੋ ਜਿਹਾ ਕੋਈ ਰਿਕਾਰਡ ਨਹੀਂ ਹੈ ਕਿ ਮਸੀਹ ਯੂਨਾਨੀਆਂ ਨਾਲ ਆਹਮਣੇ ਸਾਮਹਣੇ ਮਿਲਿਆ; ਪਰ ਸਾਰੇ ਲੋਕਾਂ ਲਈ ਉਸਦੇ ਪਿਆਰ ਨੂੰ ਜਾਣਦੇ ਹੋਏ, ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਉਹ ਉਨ੍ਹਾਂ ਨੂੰ ਮਿਲਿਆ। ਪਰ ਇਕ ਵਾਰ ਫੇਰ ਖ਼ੁਦਾ ਦੇ ਪ੍ਰੇਰਨਾ ਪਾਏ ਹੋਏ ਲੇਖਕ ਦਾ ਮਕਸਦ ਸਾਡੀ ਜਿਗਿਆਸਾ ਨੂੰ ਸੰਤੁਸ਼ਟ ਕਰਨਾ ਨਹੀਂ ਸੀ। ਯੂਹੰਨਾ ਨੇ ਜੋ ਵੀ *ਲਿਖਿਆ,* ਉਹ ਬੇਨਤੀ ਕੀਤੀ ਜਾਣ ਤੇ ਦਿੱਤਾ ਗਿਆ ਸਰਮਨ ਸੀ। ਉਸ ਉਪਦੇਸ਼ ਦੀ ਮੁੱਖ ਆਇਤ 32 ਦਾ ਦ੍ਰਿੜ ਕਥਨ ਹੈ ''ਅਰ ਮੈਂ ਜੇ ਧਰਤੀ ਉੱਤੋਂ *[ ਸਲੀਬ ਤੇ ]* ਉੱਚਾ ਕੀਤਾ ਜਾਵਾਂ ਤਾਂ ਸਾਰਿਆਂ ਨੂੰ ਆਪਣੀ ਵੱਲ ਖਿੱਚਾਂਗਾ।'' ''ਸਾਰਿਆਂ ਨੂੰ'' ਦਾ ਅਰਥ ਯਹੂਦੀਆਂ ਅਤੇ ਪਰਾਈਆਂ ਕੌਮਾਂ ਦੋਵਾਂ ਤੋਂ ਹੈ।

ਉਪਦੇਸ਼ ਦੇ ਅਖ਼ੀਰ ਵਿਚ, ਯੂਹੰਨਾ ਨੇ ਕਿਹਾ ਕਿ ਯਿਸੂ ''ਲੁਕ ਗਿਆ'' (ਆਇਤ 36ਅ)। ਪ੍ਰਭੂ ਦੀ ਜਨਤਕ ਸਿੱਖਿਆ ਖ਼ਤਮ ਹੋਣ ਵਾਲੀ ਸੀ।

### ਯਹੂਦੀਆਂ ਵੱਲੋਂ ਠੁਕਰਾਇਆ ਗਿਆ (ਆਇਤਾਂ 37-50)

ਯੂਹੰਨਾ ਨੇ ਯਹੂਦੀ ਕੌਮ ਵਿਚ ਪ੍ਰਭੂ ਦੀ ਸੇਵਕਾਈ ਨੂੰ ਸੰਖੇਪ ਵਿਚ ਦੱਸਦੇ ਹੋਏ ਮਸੀਹ ਦੇ ਉੱਥੋਂ ਚਲੇ ਜਾਣ ਦਾ ਹਵਾਲਾ ਦਿੱਤਾ: ਉਸ ਦੇ ਬਹੁਤ ਸਾਰੇ ਨਿਸ਼ਾਨ (ਚਮਤਕਾਰ) ਵੇਖਣ ਦੇ ਬਾਵਜੂਦ ਉਨ੍ਹਾਂ ਨੇ ਵਿਸ਼ਵਾਸ ਨਾ ਕੀਤਾ (ਆਇਤ 37)। ਯੂਹੰਨਾ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦਾ ਮਸੀਹ ਨੂੰ ਠੁਕਰਾਉਣਾ ਯਸਾਯਾਹ 6:10 ਅਤੇ 53:1 ਦੀਆਂ ਨਬੂਵਤਾਂ ਦਾ ਪੂਰਾ ਹੋਣਾ ਸੀ। ਫਿਰ ਇਸ ਰਸੂਲ ਨੇ ਇਹ ਭਾਜੜ ਪੈਦਾ ਕਰਨ ਵਾਲੀ ਟਿੱਪਣੀ ਜੋੜ ਦਿੱਤੀ:

> ਤਾਂ ਵੀ ਸਰਦਾਰਾਂ ਵਿੱਚੋਂ ਵੀ ਬਹੁਤਿਆਂ ਨੇ ਉਸ ਉੱਤੇ ਨਿਹਚਾ ਕੀਤੀ ਪਰ ਫ਼ਰੀਸੀਆਂ ਦੇ ਕਾਰਨ ਉਨ੍ਹਾਂ ਨੇ ਜਬਾਨੀ ਨਾ ਮੰਨਿਆ ਭਈ ਐਉਂ ਨਾ ਹੋਵੇ ਜੋ ਅਸੀਂ ਸਮਾਜ ਵਿੱਚੋਂ ਛੇਕੇ ਜਾਈਏ। ਕਿਉਂਕਿ ਓਹ ਪ੍ਰਮੇਸ਼ਵਰ ਦੀ ਵਡਿਆਈ ਨਾਲੋਂ ਮਨੁੱਖਾਂ ਦੀ ਵਡਿਆਈ ਦੇ ਬਹੁਤੇ ਭੁੱਖੇ ਹਨ (ਯੂਹੰਨਾ 12:42, 43)।

ਯਹੂਦੀ ਆਗੂ ਇਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਯਿਸੂ ਨੇ ਚਮਤਕਾਰ ਕੀਤੇ ਸਨ (ਯੂਹੰਨਾ 11:47), ਪਰ ਇਸ ਗਿਆਨ ਨਾਲ ਉਨ੍ਹਾਂ ਤੇ ਸਾਫ਼ ਅਸਰ ਨਹੀਂ ਪਿਆ। ਹੁਣ ਯੂਹੰਨਾ ਨੇ ਇਹ ਵਿਖਾਇਆ ਕਿ ਇਸ ਤਰ੍ਹਾਂ ਕਿਉਂ ਹੋਇਆ ਸੀ। ਚਮਤਕਾਰ ਦਾ ਉਨ੍ਹਾਂ ਤੇ ਪ੍ਰਭਾਵ ਤਾਂ ਪਿਆ *ਸੀ,*[5] ਪਰ ਉਹ ਆਪਣੇ ਵਿਸ਼ਵਾਸ ਨੂੰ ਲੁਕਾ ਰਹੇ ਸਨ। ਉਹ ''ਸਮਾਜ ਵਿੱਚੋਂ ਛੇਕੇ ਜਾਣ'' ਤੋਂ ਬਚ ਰਹੇ

ਸਨ, ਕਿਉਂਕਿ ਇਸ ਦਾ ਅਰਥ ਉਨ੍ਹਾਂ ਨੂੰ ਕੌਮ ਦੇ ਧਾਰਮਿਕ, ਆਰਥਿਕ, ਸਮਾਜਿਕ ਅਤੇ ਸਿਆਸੀ ਜੀਵਨ ਵਿੱਚੋਂ ਕੱਢਿਆ ਜਾਣਾ ਸੀ।[6]

ਯੂਹੰਨਾ 12:42 ਇਕਰਾਰ ਦੇ ਮਹੱਤਵ ਤੇ ਜ਼ੋਰ ਦਿੰਦਾ ਹੈ। ਸਾਡੇ ਮਨ ਦਾ ਵਿਸ਼ਵਾਸ ਸਾਡੇ ਬੁੱਲ੍ਹਾਂ ਤੇ ਵੀ ਆਉਣਾ ਜ਼ਰੂਰੀ ਹੈ (ਰੋਮੀਆਂ 10:9, 10)। ਜੇ ਅਸੀਂ ਉਸ ਦਾ ਇਕਰਾਰ ਕਰਨ ਤੋਂ ਇਨਕਾਰ ਕਰਦੇ ਹਾਂ ਤਾਂ ਉਹ ਸਾਨੂੰ ਕਬੂਲ ਨਹੀਂ ਕਰੇਗਾ (ਮੱਤੀ 10:32, 33)।

ਦੁੱਖ ਦੀ ਗੱਲ ਹੈ ਕਿ ਸਰਦਾਰਾਂ ਨੂੰ ਖੁਦਾ ਦੇ ਵਿਚਾਰ ਦੀ ਥਾਂ ਮਨੁੱਖ ਦੇ ਵਿਚਾਰ ਦਾ ਜ਼ਿਆਦਾ ਧਿਆਨ ਸੀ: ''ਉਨ੍ਹਾਂ ਨੂੰ ਖ਼ੁਦਾ ਦੀ ਪ੍ਰਵਾਨਗੀ ਦੀ ਥਾਂ ਮਨੁੱਖਾਂ ਦੀ ਪਰਵਾਨਗੀ ਜ਼ਿਆਦਾ ਪਿਆਰੀ ਸੀ।'' ਅਸੀਂ ਸਭਨਾਂ ਨੇ ਲੋਕਾਂ ਦੀ ਗੱਲ ਅਤੇ ਖ਼ੁਦਾ ਦੀ ਗੱਲ ਵਿੱਚੋਂ ਇਕ ਨੂੰ ਚੁਣ ਲਈ ਆਪਣੇ ਆਪ ਨੂੰ ਤਨਾਅ ਵਿਚ ਪਾਇਆ ਹੈ। ਤਰਜੀਹਾਂ ਵਾਲਾ ਸਵਾਲ ਅੱਜ ਵੀ ਇਕ ਮੁੱਦਾ ਹੈ। ਪੌਲੁਸ ਨੇ ਲਿਖਿਆ ਹੈ, ''ਕੀ ਮੈਂ ਹੁਣ ਮਨੁੱਖ ਨੂੰ ਮਨਾਉਂਦਾ ਹਾਂ ਜਾਂ ਪਰਮੇਸ਼ੁਰ ਨੂੰ? ਅਥਵਾ ਕੀ ਮੈਂ ਮਨੁੱਖਾਂ ਨੂੰ ਰਿਝਾਉਣਾ ਚਾਹੁੰਦਾ ਹਾਂ? ਜੇ ਮੈਂ ਅਜੇ ਤੋੜੀ ਮਨੁੱਖਾਂ ਨੂੰ ਰਿਝਾਉਂਦਾ ਰਹਿੰਦਾ ਤਾਂ ਮੈਂ ਮਸੀਹ ਦਾ ਦਾਸ ਨਾ ਹੁੰਦਾ'' (ਗਲਾਤੀਆਂ 1:10)।

ਯਹੂਦੀਆਂ ਵੱਲੋਂ ਯਿਸੂ ਨੂੰ ਠੁਕਰਾਏ ਜਾਣ ਨੂੰ ਵੇਖਣ ਤੋਂ ਬਾਅਦ ਯੂਹੰਨਾ ਨੇ ਪ੍ਰਭੂ ਤੇ ਵਿਸ਼ਵਾਸ ਕਰਨ ਦੇ ਮਹੱਤਵ ਅਤੇ ਵਿਸ਼ਵਾਸ ਨਾ ਕਰਨ ਦੇ ਨਤੀਜਿਆਂ ਬਾਰੇ ਪ੍ਰਭੂ ਦੀ ਗੱਲ ਦੁਹਰਾਈ (ਯੂਹੰਨਾ 12:44–50)। ਪਤਾ ਨਹੀਂ ਯਿਸੂ ਨੇ ਇਹ ਸ਼ਬਦ ਕਦੋਂ ਕਹੇ ਸਨ।[7] ਇਸ ਵਿਚ, ਉਸ ਨੇ ਯੂਹੰਨਾ ਦੀ ਇੰਜੀਲ ਵਿਚ ਪਹਿਲਾਂ ਦਿੱਤੀ ਗਈ ਜਾਣ ਪਛਾਣ ਵਿਚ ਕਈ ਵਿਸ਼ਿਆਂ ਨੂੰ ਜਾਰੀ ਰੱਖਿਆ:

- ਆਇਤਾਂ 44, 45, 49, ਅਤੇ 50 ਵਿਚ, ਉਸ ਨੇ ਆਪਣੇ ਅਤੇ ਆਪਣੇ ਪਿਤਾ ਵਿਚ ਨਜ਼ਦੀਕੀ ਸਬੰਧ ਤੇ ਯੂਹੰਨਾ 5 ਦੇ ਵਾਂਗ ਜ਼ੋਰ ਦਿੱਤਾ।[8] ਇਸ ਤਰ੍ਹਾਂ ਉਸ ਨੇ ਜ਼ੋਰ ਦਿੱਤਾ ਕਿ ਉਸ ਨੂੰ ਠੁਕਰਾਉਣ ਵਾਲੇ ਖ਼ੁਦਾ ਨੂੰ ਵੀ ਠੁਕਰਾਉਣ ਦੇ ਦੋਸ਼ੀ ਹਨ।
- ਆਇਤ 46 ਵਿਚ ਉਸ ਨੇ ''ਜਗਤ ਦਾ ਚਾਨਣ'' ਦਾ ਵਿਸ਼ਾ ਉਠਾਇਆ, ਜੋ ਯੂਹੰਨਾ 8:12 ਵਿਚ ਦੱਸਿਆ ਗਿਆ ਸੀ, ਯੂਹੰਨਾ 9 ਵਿਚ ਯਿਸੂ ਨੂੰ ਵਿਸਤਾਰ ਦਿੱਤਾ ਗਿਆ ਹੈ ਅਤੇ ਯੂਹੰਨਾ 12:35, 36 ਵਿਚ ਇਸਦਾ ਹਵਾਲਾ ਦਿੱਤਾ ਗਿਆ ਹੈ।[9]

47 ਅਤੇ 48 ਆਇਤਾਂ ਵਿਚ ਯਿਸੂ ਦੀ ਗੱਲ ਵਿਚ ਇਸ ਸਚਿਆਈ ਤੇ ਕਿ ਅਸੀਂ ਉਨ੍ਹਾਂ ਉਸ ਦੀਆਂ ਸਿੱਖਿਆਵਾਂ ਨੂੰ ਮੰਨ ਕੇ ਮਸੀਹ ਨੂੰ ਕਬੂਲ ਕੀਤਾ (ਉਸ ਵਿਚ ਵਿਸ਼ਵਾਸ) ਨਹੀਂ ਕਰ ਸਕਦੇ, ਜ਼ਬਰਦਸਤ ਆਇਤ ਮਿਲਦੀ ਹੈ।

> ਅਰ ਜੇ ਕੋਈ ਮੇਰੀਆਂ ਗੱਲਾਂ ਸੁਣੇ ਅਤੇ ਨਾ ਮੰਨੇ ਤਾਂ ਮੈਂ ਉਹ ਨੂੰ ਦੋਸ਼ੀ ਨਹੀਂ ਠਹਿਰਾਉਂਦਾ ਕਿਉਂ ਜੋ ਮੈਂ ਜਗਤ ਨੂੰ ਦੋਸ਼ੀ ਠਹਿਰਾਉਣ ਨਹੀਂ ਸਗੋਂ ਜਗਤ ਨੂੰ ਬਚਾਉਣ ਆਇਆ ਹਾਂ।[10] ਜਿਹੜਾ ਮੈਨੂੰ ਰੱਦ ਕਰਦਾ ਹੈ ਅਤੇ ਮੇਰੀਆਂ ਗੱਲਾਂ ਨਹੀਂ ਕਬੂਲਦਾ, ਉਹ ਨੂੰ ਇਕ ਦੋਸ਼ੀ ਠਹਿਰਾਉਂਦਾ ਹੈ। ਜਿਹੜਾ ਬਚਨ ਮੈਂ ਕਿਹਾ ਉਹੀਓ ਅੰਤ ਦੇ ਦਿਨ ਉਸ ਨੂੰ ਦੋਸ਼ੀ ਠਹਿਰਾਵੇਗਾ।[11]

## ਹੈਕਲ ਵਿੱਚੋਂ ਜਾਣਾ
## (ਮੱਤੀ 24:1-14; ਮਰਕੁਸ 13:1-15; ਲੂਕਾ 21:5-19)

**ਇਕ ਹੈਰਾਨ ਕਰ ਦੇਣ ਵਾਲੀ ਟਿੱਪਣੀ** (**ਮੱਤੀ 24: 1-3; ਮਰਕੁਸ 13: 1-4; ਲੂਕਾ 21: 5-7**)

''ਉੱਚਾ ਕੀਤਾ ਜਾਣਾ'' ਤੇ ਸੰਦੇਸ਼ ਦੇਣ ਤੋਂ ਬਾਅਦ ਯਿਸੂ ''ਲੁਕ ਗਿਆ'' (ਯੂਹੰਨਾ 12:36),

''ਹੈਕਲੋਂ ਬਾਹਰ ਨਿੱਕਲ ਗਿਆ'' (ਮਰਕੁਸ 13:1; ਵੇਖੋ ਮੱਤੀ 24:1)। ਹੈਕਲ ਵਿੱਚੋਂ ਮਸੀਹ ਦਾ ਨਿੱਕਲ ਕੇ ਜਾਣਾ ਅਹਿਮ ਸੀ। ਖ਼ੁਦਾ ਦਾ ਪ੍ਰਤਾਪ (ਅਰਥਾਤ ਯਿਸੂ[12]) ਉੱਥੋਂ ਚਲਿਆ ਗਿਆ ਸੀ, ਜੋ ਮੁੜ ਕੇ ਨਹੀਂ ਆਉਣਾ ਸੀ।[13] ਹਾਲਾਂਕਿ ਹੈਕਲ ਦੀ ਬਰਬਾਦੀ ਹੁੰਦੇ ਹੁੰਦੇ ਕਈ ਸਦੀਆਂ ਲਗ ਜਾਣੀਆਂ ਸਨ, ਪਰ ਇਸ ਦੀ ਬਰਬਾਦੀ ਤੈਅ ਸੀ (ਵੇਖੋ ਮੱਤੀ 23:37, 38)।

ਹੈਕਲ ਦੇ ਅਹਾਤੇ ਵਿੱਚੋਂ ਮਸੀਹ ਦੇ ਨਿੱਕਲ ਜਾਣ ਤੇ, ਬਾਹਰੋਂ ਆਉਣ ਵਾਲੇ ਲੋਕਾਂ ਦੇ ਵਾਂਗ ਉਸ ਦੇ ਚੇਲੇ ਆਪਣੇ ਆਲੇ ਦੁਆਲੇ ਦੀਆਂ ਇਮਾਰਤਾਂ ਦੀ ਖ਼ੂਬਸੂਰਤੀ ਅਤੇ ਸ਼ਾਨ ਦੀ ਤਾਰੀਫ਼ ਕਰਨ ਲਈ ਰੁਕ ਗਏ। ਉਸ ਦੇ ਚੇਲਿਆਂ ਵਿੱਚੋਂ ਇਕ ਨੇ ਉਸ ਨੂੰ ਕਿਹਾ, ''...ਗੁਰੂ ਜੀ ਵੇਖੋ, ਇਹ ਕਿਹੋ ਜਿਹੇ ਪੱਥਰ ਅਤੇ ਕਿਹੀਆਂ ਇਮਾਰਤਾਂ ਹਨ!'' (ਮਰਕੁਸ 13:1)। ਦੂਜਿਆਂ ਨੇ ਧਿਆਨ ਦੁਆਇਆ ਕਿ ''... ਜੋ ਉਹ ਸੋਹਣੇ ਪੱਥਰਾਂ ਅਤੇ ਚੜ੍ਹਾਵਿਆਂ ਨਾਲ ਕਿਹੋ ਜਿਹੀ ਸੁਆਰੀ ਹੋਈ ਹੈ''[14] (ਲੂਕਾ 21:5)।

ਹੈਕਲ ਦਾ ਅਹਾਤਾ ਭਾਵ ਇਮਾਰਤ *ਸੀ,* ਅਤੇ ਯਹੂਦੀਆਂ ਦਾ ਤੇ ਫ਼ਖਰ ਕਰਨਾ ਗਲਤ ਨਹੀਂ ਸੀ। ਇਹ ਅਥੇਨੇ ਦੇ ਅਕਰੋਪੁਲਿਸ ਨਾਲੋਂ ਦੋਗੁਣਾ ਵੱਡਾ ਸੀ। ਇਹ ਸਫ਼ੇਦ ਪੱਥਰਾਂ ਅਤੇ ਸੰਗਮਰਮਰ ਨਾਲ ਘੜਿਆ ਸੀ! ਦੂਰੋਂ ਇਹ ਭਵਨ ਬਰਫ਼ ਦੇ ਪਹਾੜ ਵਰਗਾ ਲਗਦਾ ਸੀ। ਹੇਰੋਦੇਸ ਮਹਾਨ ਨੇ ਹੈਕਲ ਨੂੰ 20 ਈਸਵੀ ਵਿਚ ਮੁੜ ਬਣਵਾਉਣਾ ਸ਼ੁਰੂ ਕੀਤਾ ਸੀ ਅਤੇ ਜਿਸ ਘਟਨਾ ਦੀ ਅਸੀ ਗੱਲ ਕਰ ਰਹੇ ਹਾਂ, ਇਸ ਸਮੇਂ ਤਕ ਇਸ ਦੇ ਨਿਰਮਾਣ ਦਾ ਕੰਮ ਚੱਲ ਰਿਹਾ ਸੀ।[15] ਸੰਭਵ ਤੌਰ ਤੇ ਯਰੂਸ਼ਲਮ ਵਿਚ ਮੁਸਾਫਿਰਾਂ ਦੇ ਆਉਣ ਤੇ, ਹਰ ਵਾਰ ਕੁਝ ਨਾ ਕੁਝ ਨਵਾਂ ਅਤੇ ਅਜੀਬ ਹੀ ਜੁੜਿਆ ਸੀ। ਜੋਸੇਫ਼ਸ ਨੇ ਹੈਕਲ ਦੀ ਸੋਭਾ ਵਧਾਉਣ ਵਾਲੀਆਂ ''ਮੰਨਤਾਂ ਦੇ ਚੜ੍ਹਾਵਿਆਂ'' ਦੀ ਗੱਲ ਲਿਖੀ ਹੈ। ਅਗ੍ਰਿੱਪਾ ਵੱਲੋਂ ਤਾਜ, ਢਾਲਾਂ, ਪਿਆਲੇ ਅਤੇ ਸੋਨੇ ਦੀਆਂ ਚੇਨਾਂ ਭੇਂਟ ਚੜ੍ਹਾਈਆਂ ਗਈਆਂ ਸਨ। ਹੇਰੋਦੇਸ ਵੱਲੋਂ ਅੰਗੂਰੀ ਦੀਆਂ ਵੱਡੀਆਂ ਵੱਡੀਆਂ ਟਹਿਣੀਆਂ ਵਾਲੀਆਂ ਸੋਨੇ ਦੀਆਂ ਵੇਲਾਂ ਭੇਂਟ ਕੀਤੀਆਂ ਗਈਆਂ ਸਨ।[16] ਸਾਨੂੰ ਹੈਰਾਨ ਨਹੀਂ ਹੋਣਾ ਚਾਹੀਦਾ ਕਿ ਚੇਲੇ ਇਹ ਸਭ ਵੇਖ ਕੇ ਪ੍ਰਭਾਵਿਤ ਹੋਏ ਸਨ।

ਪਰ ਯਿਸੂ ਦੇ ਜਵਾਬ ਨਾਲ ਉਨ੍ਹਾਂ ਦਾ ਜੋਸ਼ ਠੰਡਾ ਪੈ ਗਿਆ: ''... ਉਹ ਦਿਨ ਆਉਣਗੇ ਜਿਨ੍ਹਾਂ ਵਿਚ ਐੱਥੇ ਪੱਥਰ ਉੱਤੇ ਪੱਥਰ ਨਾ ਛੱਡਿਆ ਜਾਵੇਗਾ, ਜਿਹੜਾ ਡੇਗਿਆ ਨਾ ਜਾਵੇਗਾ'' (ਲੂਕਾ 21:6)। ਮਸੀਹ ਨੇ ਪਹਿਲਾਂ ਯਰੂਸ਼ਲਮ ਅਤੇ ਹੈਕਲ ਦੇ ਨਾਸ ਦੀ ਗੱਲ ਕੀਤੀ ਸੀ (ਮੱਤੀ 22:7; 23:38; ਲੂਕਾ 13:35[17]), ਪਰ ਉਹ ਹਵਾਲੇ ਆਮ ਤੌਰ ਤੇ ਸੰਕੇਤਕ ਸ਼ਬਦਾਂ ਵਿਚ ਹੁੰਦੇ ਸਨ। ਇਸ ਮੌਕੇ ਤੇ, ਉਸ ਦੇ ਸ਼ਬਦਾਂ ਨੂੰ ਗਲਤ ਸਮਝਣਾ ਮੁਸ਼ਕਿਲ ਸੀ।

ਪ੍ਰਭੂ ਨੇ ਕਿਹਾ, ''... ਐਥੇ ਪੱਥਰ ਉੱਤੇ ਪੱਥਰ ਛੱਡਿਆ ਨਾ ਜਾਵੇਗਾ ਜਿਹੜਾ ਡੇਗਿਆ ਨਾ ਜਾਵੇ'' (ਮਰਕੁਸ 13:2ਅ)।[18] ''ਜੋਸੇਫ਼ਸ ਮੁਤਾਬਿਕ ਕੁਝ ਪੱਥਰ ਲਗਭਗ 70 ਫੁਟ ਲੰਮੇ, 12 ਫੁੱਟ ਉੱਚੇ ਅਤੇ 18 ਫੁੱਟ ਚੌੜੇ ਸਨ।''[19] ਮੈਂ ਚੇਲਿਆਂ ਨੂੰ ਉਨ੍ਹਾਂ ਅਖੰਡਿਤ ਪੱਥਰਾਂ ਨੂੰ ਵੇਖ ਕੇ ਸੋਚਣ ਦੀ ਕਲਪਨਾ ਕਰ ਸਕਦਾ ਹਾਂ: ''ਇਨ੍ਹਾਂ ਵਿੱਚੋਂ ਇਕ ਵੀ ਪੱਥਰ ਦੂਜੇ ਪੱਥਰ ਤੇ ਨਹੀਂ ਰਹੇਗਾ? ਇਹ ਕਿਵੇਂ ਹੋ ਸਕਦਾ ਹੈ?'' ਯਰੂਸ਼ਲਮ ਦੀ ਹੈਕਲ ਧਰਮ ਅਤੇ ਇਸਰਾਏਲ ਦੀ ਸ਼ਾਨ ਦੀ ਯਹੂਦੀ ਧਾਰਨਾ ਦਾ ਕੇਂਦਰ ਸੀ। ਇਸ ਦੇ ਨਾਸ ਦੀ ਗੱਲ ਸੋਚੀ ਵੀ ਨਹੀਂ ਜਾ ਸਕਦੀ ਸੀ।

ਯਿਸੂ ਅਤੇ ਉਸਦੇ ਪਿੱਛੇ ਚੱਲਣ ਵਾਲੇ ਹੈਕਲ ਵਿੱਚੋਂ ਨਿੱਕਲ ਗਏ, ਕਿਦਰੋਨ ਦੇ ਨਾਲੇ ਦੇ ਕੋਲ ਗਏ ਅਤੇ ਹੈਕਲ ਦੀ ਪੂਰਬੀ ਚੌੜਾਈ ਚੜ੍ਹ ਗਏ, ਜਿਸ ਨੂੰ ਜੈਤੂਨ ਦਾ ਪਹਾੜ ਕਹਿੰਦੇ ਹਨ, ਸ਼ਾਇਦ ਇਹ ਉਹੀ ਥਾਂ ਸੀ, ਜਿੱਥੇ ਉਨ੍ਹਾਂ ਨੇ ਆਪਣੀਆਂ ਕੁਝ ਰਾਤਾਂ ਕੱਟੀਆਂ ਸਨ (ਲੂਕਾ 21:37)। ਢਲਾਨ ਤੇ ਬੈਠ ਕੇ (ਵੇਖੋ ਮੱਤੀ 24:3), ਉਹ ਹੈਕਲ ਅਤੇ ਸ਼ਹਿਰ ਨੂੰ ''ਆਪਣੇ ਸਾਹਮਣੇ ਸਾਫ਼, ਡੁੱਬਦੇ ਹੋਏ ਸੂਰਜ ਦੀ ਚਮਕਦੀ ਛਾਂ ਵਿੱਚੋਂ ਦੀ ਉਸ ਵਿੱਚੋਂ ਕਿਰਨਾਂ ਨਿੱਕਲਦੀਆਂ'' ਵੇਖ ਰਹੇ ਸਨ।[20] ਹੇਠਾਂ ਹੈਕਲ ਦੇ ਵਿਹੜੇ ਵਿਚ ਵੇਖਦੇ ਹੋਏ (ਮਰਕੁਸ 13:3), ਚੇਲਿਆਂ ਦੇ ਮਨ ਵਿਚ ਸਵਾਲ ਉਠ ਰਹੇ ਸਨ।[21]

ਉਨ੍ਹਾਂ ਨੇ ਯਿਸੂ ਤੋਂ ਪੁੱਛਿਆ, ''ਸਾਨੂੰ ਦੱਸ ਜੋ ਇਹ ਗੱਲਾਂ ਕਦ ਹੋਣਗੀਆਂ? ਅਤੇ ਤੇਰੇ ਆਉਣ ਅਰ ਜੁਗ ਦੇ ਅੰਤ ਦਾ ਕੀ ਲੱਛਣ ਹੋਊ?'' (ਮੱਤੀ 24:3; ਵੇਖੋ ਮਰਕੁਸ 13:4; ਲੂਕਾ 21:7)।

ਚੇਲਿਆਂ ਨੂੰ ਲੱਗਾ ਹੋਵੇਗਾ ਕਿ ਉਨ੍ਹਾਂ ਨੇ ਇਕ ਹੀ ਘਟਨਾ ਅਰਥਾਤ ਹੈਕਲ ਦੀ ਬਰਬਾਦੀ ਦੀ ਗੱਲ ਪੁੱਛੀ ਹੈ, ਪਰ ਅਸਲ ਵਿਚ ਉਨ੍ਹਾਂ ਨੇ ਇੱਕੋ ਵਾਰ ਕਈ ਸਵਾਲ ਪੁੱਛ ਲਏ ਸਨ। ਖ਼ਾਸ ਕਰਕੇ ਉਨ੍ਹਾਂ ਨੇ ਮਸੀਹ ਦੇ ''ਆਉਣ'' ਅਤੇ ''ਜਗਤ ਦੇ ਅੰਤ'' ਬਾਰੇ ਵੀ ਪੁੱਛਿਆ ਸੀ।[22] ''ਆਉਣ'' ਸ਼ਬਦ ਯੂਨਾਨੀ ਦੇ *parousia* ਤੋਂ ਅਨੁਵਾਦ ਕੀਤਾ ਗਿਆ ਹੈ। ਇੰਜੀਲਾਂ ਵਿਚ ਇਹ ਸ਼ਬਦ ਸਿਰਫ਼ ਮੱਤੀ 24 (ਆਇਤਾਂ 3, 27, 37, 39) ਵਿਚ ਹੀ ਮਿਲਦਾ ਹੈ।[23] *parousia* ''ਕਿਸੇ ਰਾਜ ਦੇ ਆਉਣ ਲਈ ਯੂਨਾਨੀ ਭਾਸ਼ਾ ਦਾ ਤਕਨੀਕੀ ਸ਼ਬਦ'' ਹੈ।[24] ਜਦ ਚੇਲਿਆਂ ਨੇ ਇਸ ਸ਼ਬਦ ਦੀ ਵਰਤੋਂ ਕੀਤੀ, ਤਾਂ ਉਸ ਦੇ ਮਨ ਵਿਚ ਸੰਭਵ ਤੌਰ ਤੇ ਉਸ ਦਾ ਰਾਜ ਕਾਇਮ ਕਰਨ ਦੀ ਗੱਲ ਹੋਵੇਗੀ, ਜਿਸ ਨੂੰ ਉਹ ਗਲਤੀ ਨਾਲ ਦੁਨਿਆਵੀ ਰਾਜ ਸਮਝਦੇ ਸਨ।[25] ਇਸ ਤਰ੍ਹਾਂ ਹੋਣ ਤੇ, ''ਜੁਗ ਦੇ ਅੰਤ'' ਦਾ ਅਰਥ (ਉਨ੍ਹਾਂ ਦੇ ਦਿਮਾਗ ਵਿਚ) ਮੌਜੂਦਾ ਸਿਆਸੀ ਪ੍ਰਬੰਧ (ਅਰਥਾਤ ਰੋਮੀਆਂ ਦੇ ਨਫ਼ਰਤ ਵਾਲੀ ਹਕੂਮਤ) ਦਾ ਅੰਤ ਹੋਵੇਗਾ। ਚੇਲਿਆਂ ਨੇ ਇਨ੍ਹਾਂ ਸਵਾਲਾਂ ਨੂੰ ਇਸ ਲਈ ਮਿਲਾ ਦਿੱਤਾ ਹੋਵੇਗਾ, ਕਿਉਂਕਿ ਮਸੀਹਾ ਦੇ ਰਾਜ (ਅਰਥਾਤ ਉਨ੍ਹਾਂ ਦੀ ਕਲਪਨਾ ਦੇ ਰਾਜ) ਦੀ ਸ਼ੁਰੂਆਤ ਬਿਨਾਂ ਹੈਕਲ ਦੇ ਨਾਸ ਦੀ ਘਟਨਾ ਉਨ੍ਹਾਂ ਦੇ ਮਨ ਵਿਚ ਆ ਹੀ ਨਹੀਂ ਸਕਦੀ। ਯਿਸੂ ਦੇ ਜਵਾਬ ਦਾ ਅਧਿਐਨ ਕਰਦੇ ਹੋਏ ਸਾਨੂੰ ਇਹ ਸਮਝਣਾ ਜ਼ਰੂਰੀ ਹੈ ਕਿ ਉਸ ਦੇ ਜਵਾਬ ਵਿਚ ਹੈਕਲ ਦੇ ਨਾਸ ਦੀ ਗੱਲ ਹੀ ਨਹੀਂ ਹੈ।

**ਗੰਭੀਰ ਝਗੜਾ**

ਮੱਤੀ 24:4–25:46 (ਮਰਕੁਸ 13:5–37; ਲੂਕਾ 21:8–36 ਵੀ ਵੇਖੋ) ਵਿਚ ਚੇਲਿਆਂ ਦੇ ਸਵਾਲਾਂ ਦਾ ਮਸੀਹ ਦਾ ਜਵਾਬ ਉਸ ਦੇ ਸਭ ਤੋਂ ਲੰਮੇ ਲਿਖਤ ਉਪੇਦਸ਼ਾਂ ਵਿਚ ਅਤੇ ਸੰਭਵ ਤੌਰ ਤੇ ਸਭ ਤੋਂ ਝਗੜੇ ਭਰਿਆ ਹੈ। ਮੱਤੀ 24 ਦੀ ਵਰਤੋਂ ਹਜ਼ਾਰ ਸਾਲ ਦੇ ਰਾਜ ਦੀ ਸਿੱਖਿਆ ਦੇਣ ਵਾਲਿਆਂ ਰਾਹੀਂ ਯਿਸੂ ਦੀ ਦੂਜੀ ਆਮਦ ਦੇ ''ਲੱਛਣ'' ਲੱਭਣ ਲਈ ਕੀਤੀ ਜਾਂਦੀ ਹੈ।[26] ਮੌਜੂਦਾ ਅਕਾਲ ਅਤੇ ਜੰਗਾਂ ਨੂੰ ''ਲੱਛਣਾਂ'' ਦੇ ਰੂਪ ਵਿਚ ਵਿਖਾ ਕੇ ਉਹ ਖੁਸ਼ ਹੁੰਦੇ ਹਨ ਕਿ ਇਹ ਪ੍ਰਭੂ ਦੇ ਦੁਬਾਰਾ ਆਉਣ ਦੇ ਲੱਛਣ ਹਨ, ਯਿਸੂ ਦੀ ਗੱਲ ਦੇ ਬਾਵਜੂਦ ਕਿ ਕੋਈ ਨਹੀਂ ਜਾਣ ਸਕਦਾ ਕਿ ਉਸਦਾ ਆਉਣਾ ਕਦ ਹੋਵੇਗਾ (ਮੱਤੀ 24:36)।

ਸਬੰਧਿਤ ਆਇਤਾਂ ਦੇ ਨਾਲ ਮੱਤੀ 24 ਦੇ ਆਪਣੇ ਅਧਿਐਨ ਤੇ ਆਉਂਦੇ ਹੋਏ ਸਾਨੂੰ ਇਹ ਮੰਨਣਾ ਜ਼ਰੂਰੀ ਹੈ ਕਿ ਭਾਵੇਂ ਕਿਸ ਤਰ੍ਹਾਂ ਦਾ ਵੀ ਢੰਗ ਅਪਣਾਇਆ ਜਾਵੇ, ਇਹ ਆਇਤ ਔਖੀ ਹੈ। ਇਸ ਦਾ ਇਕ ਕਾਰਣ ਇਹ ਹੈ ਕਿ ਯਿਸੂ ਨੇ ''ਪ੍ਰਚਲਿਤ ਯਹੂਦੀ ਅਪੋਕਲਿਪਟਿਕ ਰੂਪਕ'' ਦੀ ਵਰਤੋਂ ਕੀਤੀ।[27] ਅਪੋਕਲਿਪਟਿਕ ਸਾਹਿਤ ਵਿਚ ਇਸਦਾ ਸੰਦੇਸ਼ ਦੇਣ ਲਈ ਵੱਖ ਵੱਖ (ਕਈ ਵਾਰ ਅਜੀਬ) ਪ੍ਰਤੀਕਾਂ ਦੀ ਵਰਤੋਂ ਕੀਤੀ ਜਾਂਦੀ ਸੀ। ਯਹੂਦੀ ਲੋਕ ਅਪੋਕਲਿਪਟਿਕ ਭਾਸ਼ਾ ਤੋਂ ਜਾਣੂ ਸਨ। ਦਾਨੀਏਲ ਵਰਗੀ ਖ਼ੁਦਾ ਦੀ ਪ੍ਰੇਰਣਾ ਪ੍ਰਾਪਤ ਕਿਤਾਬ ਵਿਚ ਅਪੋਕਲਿਪਟਿਕ ਸੰਕੇਤਾਂ ਦੀ ਵਰਤੋਂ ਕਰਨ ਤੋਂ ਇਲਾਵਾ ਪੁਰਾਣੇ ਨੇਮ ਦੇ ਅਖ਼ੀਰ ਅਤੇ ਯਿਸੂ ਦੇ ਜਨਮ ਦੇ ਵਿਚ ਦੀਆਂ ਸਦੀਆਂ ਵਿਚ ਖੁਦਾ ਦੀ ਪ੍ਰੇਰਣਾ ਰਹਿਤ ਕਰਤੱਬਾਂ ਦੀ ਭਰਮਾਰ ਸੀ। ਸਾਡੇ ਵਿੱਚੋਂ ਜ਼ਿਆਦਾਤਰ ਲੋਕ ਇਹੋ ਜਿਹੀਆਂ ਉਪਮਾਵਾਂ ਤੋਂ ਅਣਜਾਣ ਹਨ, ਇਸ ਲਈ ਸਾਡੇ ਵਾਸਤੇ ਇਸ ਦੇ ਅਰਥ ਕੱਢਣਾ ਕਈ ਵਾਰ ਔਖਾ ਹੋਵੇਗਾ।

ਔਖਿਆਈਆਂ ਦਾ ਇਕ ਹੋਰ ਕਾਰਣ ਇਹ ਤੱਥ ਹੈ ਕਿ ਪ੍ਰਭੂ ਨੇ ਇਕ ਹੀ ਸਵਾਲ ਦਾ ਨਹੀਂ, ਬਲਕਿ ਕਈ ਅਰਥਾਤ ਯਰੂਸ਼ਲਮ ਦੀ ਬਰਬਾਦੀ ਸਬੰਧੀ ਸਵਾਲਾਂ *ਅਤੇ* ਆਪਣੀ ਦੂਜੀ ਆਮਦ ਸਬੰਧੀ ਸਵਾਲਾਂ ਦਾ ਜਵਾਬ ਦਿੱਤਾ: 70 ਈਸਵੀਂ ਤੋਂ ਬਾਅਦ ਕੀ ਹੋਵੇਗਾ ਅਤੇ ਯੁਗ ਦੇ ਅੰਤ ਦੇ ਸਮੇਂ ਕੀ ਹੋਵੇਗਾ ਅਤੇ ਉਸ ਦੀਆਂ ਗੱਲਾਂ ਇਕ ਦੂਜੇ ਨਾਲ ਮਿਲਦੀਆਂ ਅਤੇ ਉਲਝ ਜਾਂਦੀਆਂ ਹਨ। ਆਮ

ਤੌਰ ਤੇ ਉਨ੍ਹਾਂ ਵਿਚ ਫ਼ਰਕ ਕੱਢਣਾ ਔਖਾ ਹੁੰਦਾ ਹੈ। ਅਕਸਰ ਵਰਤੀਆਂ ਜਾਣ ਵਾਲੀਆਂ ਦੋ ਪਹਾੜੀਆਂ ਦੀਆਂ ਚੋਟੀਆਂ ਦੀ ਉਪਮਾ ਹੈ, ਛੋਟੀ ਨੇੜੇ ਅਤੇ ਵੱਡੀ ਦੂਰ, ਜਿਸ ਦੀਆਂ ਆਕਰਤੀਆਂ ਸਾਡੀਆਂ ਸਹੂਲਤ ਮੁਤਾਬਿਕ ਮਿਲਾਈਆਂ ਗਈਆਂ ਹਨ। ਬਾਈਬਲ ਦੇ ਜ਼ਿਆਦਾਤਰ ਵਿਦਵਾਨ ਇਸ ਗੱਲ ਨਾਲ ਸਹਿਮਤ ਹਨ ਕਿ ਯਰੂਸ਼ਲਮ ਦੀ ਬਰਬਾਦੀ ਅਤੇ ਯਿਸੂ ਦੀ ਆਮਦ ਦਾ ਡੂੰਘਾ ਸਬੰਧ ਹੈ, ਬੇਸ਼ੱਕ ਇਨ੍ਹਾਂ ਦੋਹਾਂ ਘਟਨਾਵਾਂ ਵਿਚ ਹਜ਼ਾਰਾਂ ਸਾਲ ਦਾ ਫ਼ਰਕ ਹੈ: ਪਹਿਲੀ [ਯਰੂਸ਼ਲਮ ਦੀ ਬਰਬਾਦੀ] ਦੂਜੀ [ਦੂਜੀ ਆਮਦ] ਦਾ ਨਮੂਨਾ ਹੈ।

ਹਾਲਾਂਕਿ ਇਹ ਵਿਚਾਰ ਆਪਸ ਵਿਚ ਮਿਲਦੇ ਜਾਪਦੇ ਹਨ, ਬਹੁਤ ਸਾਰੇ ਲੋਕ ਇਸ ਗੱਲ ਨਾਲ ਸਹਿਮਤ ਹਨ ਕਿ ਮੱਤੀ 24 ਦੇ ਪਹਿਲੇ ਭਾਗ ਵਿਚ ਯਰੂਸ਼ਲਮ ਦੀ ਬਰਬਾਦੀ ਤੇ *ਜ਼ੋਰ* ਦਿੱਤਾ ਗਿਆ ਹੈ ਅਤੇ ਆਖ਼ਰੀ ਭਾਗ ਵਿਚ *ਜ਼ੋਰ* ਦੂਜੀ ਆਮਦ ਤੇ:

- ਅਧਿਆਇ ਦੇ ਪਹਿਲੇ ਭਾਗ ਵਿਚ, 19 ਅਤੇ 20 ਆਇਤਾਂ ਧਿਆਨ ਦਿਓ: ‘‘ਪਰ ਅਫ਼ਸੋਸ ਉਨ੍ਹਾਂ ਉੱਤੇ ਜਿਹੜੀਆਂ ਉਨ੍ਹੀਂ ਦਿਨੀਂ ਗਰਭਣੀਆਂ ਅਤੇ ਦੁੱਧ ਚੁੰਘਾਉਣ ਵਾਲੀਆਂ ਹੋਣ! ਪਰ ਤੁਸੀਂ ਪ੍ਰਾਰਥਨਾ ਕਰੋ ਜੋ ਤੁਹਾਡਾ ਭੱਜਣਾ ਸਿਆਲ ਵਿਚ ਜਾਂ ਸੱਬਤ ਦੇ ਦਿਨ ਨਾ ਹੋਵੇ।’’ ਕੀ ਦੂਜੀ ਆਮਦ ਨਾਲ ਬੱਚੇ ਜੰਮਣ ਜਾਂ ਮੌਸਮ ਜਾਂ ਸੱਬਤ ਦੇ ਦਿਨ ਦਾ ਕੋਈ ਸਬੰਧ ਹੈ? ਨਹੀਂ, ਪਰ ਇਨ੍ਹਾਂ ਗੱਲਾਂ ਦਾ ਸਬੰਧ ਯਰੂਸ਼ਲਮ ਦੀ ਬਰਬਾਦੀ ਨਾਲ ਜ਼ਰੂਰੀ ਸੀ।[28]
- ਆਖ਼ਰੀ ਭਾਗ ਵਿਚ, 40 ਅਤੇ 41 ਆਇਤਾਂ ਵਿਚ ਕੁਝ ਨੂੰ ਲੈ ਲਏ ਜਾਣ ਅਤੇ ਕੁਝ ਨੂੰ ਛੱਡ ਦਿੱਤੇ ਜਾਣ ਦੀਆਂ ਗੱਲਾਂ ਤੇ ਧਿਆਨ ਦਿਓ। ਇਨ੍ਹਾਂ ਆਇਤਾਂ ਦਾ ਯਰੂਸ਼ਲਮ ਦੀ ਬਰਬਾਦੀ ਨਾਲ ਤਾਂ ਕੋਈ ਸਬੰਧ ਨਹੀਂ ਹੈ, ਪਰ ਦੂਜੀ ਆਮਦ ਜਾਂ ਦੂਜੀ ਵਾਰੀ ਆਉਣ ਨਾਲ ਜ਼ਰੂਰ ਸਬੰਧ ਹੈ।[29]

ਮੱਤੀ 24:4–35 (ਜੋ ਯਰੂਸ਼ਲਮ ਦੀ ਬਰਬਾਦੀ ਤੇ ਕੇਂਦਰਿਤ ਹੈ) ਅਤੇ 24:36–41 (ਜੋ ਦੂਜੀ ਆਮਦ ਤੇ ਕੇਂਦਰਿਤ ਹੈ) ਵਿਚ ਕਈ ਭਿੰਨਤਾਵਾਂ ਬਣਾਈਆਂ ਜਾ ਸਕਦੀਆਂ ਹਨ। ਇਨ੍ਹਾਂ ਵਿੱਚੋਂ ਕੁਝ ਭਿੰਨਤਾਵਾਂ ਹੇਠਾਂ ਦਿੱਤੇ ਗਏ ਚਾਰਟ ਵਿਚ ਬਣਾਈਆਂ ਗਈਆਂ ਹਨ।[30]

ਕੁਝ ਟੀਕਾਕਾਰ ਸਹਿਮਤ ਹਨ ਕਿ ਮੱਤੀ 24 ਦਾ ਸ਼ੁਰੂਆਤੀ ਭਾਗ ਯਰੂਸ਼ਲਮ ਦੀ ਬਰਬਾਦੀ ਤੇ ਕੇਂਦਰਿਤ ਹੈ ਅਤੇ ਇਸ ਦੀਆਂ ਆਖ਼ਰੀ ਆਇਤਾਂ ਮੁੱਖ ਤੌਰ ਤੇ ਦੂਜੀ ਆਮਦ ਤੇ ਹਨ। ਇਸ ਦੇ ਬਾਵਜੂਦ ਉਹ ਜ਼ੋਰ ਦਿੰਦੇ ਹਨ ਕਿ ਆਇਤਾਂ ਇਕ ਦੂਜੇ ਦੇ ਉੱਪਰ ਥੱਲੇ ਹਨ। ਇਸ ਲਈ ਉਹ ਆਪਣੇ ਆਪ ਹੀ ਇਹ ਫ਼ੈਸਲਾ ਲੈਣ ਲਈ ਅਜ਼ਾਦ ਮਹਿਸੂਸ ਕਰਦੇ ਹਨ ਕਿ ਕਿਹੜੀਆਂ ਆਇਤਾਂ ਪਹਿਲਾਂ ਆਮਦ ਨਾਲ ਸਬੰਧਿਤ ਹਨ ਅਤੇ ਕਿਹੜੀਆਂ ਦੂਜੀ ਆਮਦ ਨਾਲ। ਮੱਤੀ 24 ਨੂੰ ਸਮਝਾਉਣ ਦਾ ਇਕ ਢੰਗ ਇਹ ਹੈ,[31] ਪਰ ਇਸ ਗੱਲ ਨੂੰ ਸਮਝ ਲਵੋ ਕਿ ਜੇ ਤੁਸੀ ਇਹ ਢੰਗ ਅਪਨਾਉਂਦੇ ਹੋ, ਤਾਂ ਤੁਹਾਨੂੰ ਆਇਤ 34 ਨੂੰ ਵੀ ਸਮਝਣਾ ਪਵੇਗਾ ਜਿੱਥੇ ਯਿਸੂ ਨੇ ਕਿਹਾ, ‘‘ਮੈਂ ਤੁਹਾਨੂੰ ਸਤ ਆਖਦਾ ਹਾਂ ਕਿ ਜਦ ਤੀਕੁਰ ਇਹ ਸਭ ਗੱਲਾਂ ਨਾ ਹੋ ਲੈਣ ਇਹ ਪੀੜ੍ਹੀ ਬੀਤ ਨਾ ਜਾਵੇਗੀ।’’ ਆਇਤ 34 ਨੂੰ ਸੁਭਾਵਕ ਢੰਗ ਨਾਲ ਲੈਣ ਦਾ ਤਰੀਕਾ ਇਹ ਹੈ ਕਿ ਮਸੀਹ ਨੇ ਕਿਹਾ ਕਿ ਆਇਤ 4 ਤੋਂ 33 ਆਇਤਾਂ ਵਿਚ ਕਹੀਆਂ ਗਈਆਂ ਉਸ ਦੀਆਂ ਸਾਰੀਆਂ ਗੱਲਾਂ ਉਸ ਸਮੇਂ ਰਹਿ ਰਹੇ ਕੁਝ ਲੋਕਾਂ ਦੇ ਜੀਵਨ ਕਾਲ ਵਿਚ ਹੀ ਪੂਰੀਆਂ ਹੋ ਜਾਣਗੀਆਂ।[32] ਯੂਨਾਨੀ ਸ਼ਬਦ ਦੇ ਅਨੁਵਾਦ ‘‘ਪੀੜ੍ਹੀ’’ (*genea*) ਦਾ ਅਰਥ ਆਮ ਤੌਰ ਤੇ ਸਮੇਂ ਦੇ ਨਾਲ ਇਕ ਖ਼ਾਸ ਕਾਲ ਵਿਚ ਰਹਿਣ ਵਾਲੇ ਲੋਕਾਂ ਲਈ ਕੀਤਾ ਜਾਂਦਾ ਹੈ। ਮੱਤੀ 24:34 ਵਿਚ ਇਹ ਗੱਲ ਕਹਿਣ ਤੋਂ ਪਹਿਲਾਂ ਯਿਸੂ ਨੇ ਇਹ ਨਬੂਵਤ ਕਰਨ ਲਈ ਕਿ ਉਸ ਦੇ ਸੁਣਨ ਵਾਲਿਆਂ ਵਿਚ ਭਿਆਨਕ ਗੱਲਾਂ ਆਉਣਗੀਆਂ, ਇਸ ਸ਼ਬਦ ਦੀ ਵਰਤੋਂ ਕੀਤੀ ਸੀ

(ਮੱਤੀ 23:36; ਮੱਤੀ 24:34 ਨਾਲ ਤੁਲਨਾ ਕਰੋ)।

ਮੱਤੀ 24:24–33 ਨੂੰ ਪੂਰੇ ਜਾਂ ਇਸ ਦੇ ਭਾਗ ਨੂੰ ਦੂਜੀ ਆਮਦ ਲਈ ਦੱਸਣ ਵਾਲੇ ਲੋਕ ਆਇਤ 34 ਦਾ ਅਰਥ ਨਹੀਂ ਦੱਸ ਸਕਦੇ। ਉਨ੍ਹਾਂ ਵਿੱਚੋਂ ਕਈ ਇਹ ਜ਼ੋਰ ਦਿੰਦੇ ਹਨ ਕਿ ਇਸ ਆਇਤ ਵਿਚ ''ਪੀੜ੍ਹੀ'' ਦਾ ਅਰਥ ''ਕੌਮ'' ਅਰਥਾਤ ਯਹੂਦੀਆਂ ਦੀ ਕੌਮ ਹੋਣਾ ਚਾਹੀਦਾ ਹੈ। ਆਰ. ਟੀ. ਫ੍ਰਾਂਸ ਦੀ ਟਿੱਪਣੀ ਹੈ ਕਿ ਜੇ ਇਸ ਆਇਤ ਤੋਂ ਵਿਆਖਿਆ ਕਰਨ ਵਾਲਿਆਂ ਨੂੰ ਪਰੇਸ਼ਾਨੀ ਨਾ ਹੋਈ ਹੋਵੇ ''ਨਾਂਉਂ ਲਈ ਅਜਿਹੇ ਅਸੱਭਿਅ ਸ਼ਬਦ ਦਾ ਸੁਝਾਅ ਨਾਮੁਮਕਿਨ ਲਗਦਾ ਹੈ।''[33] ਜੈਕ ਪੀ. ਲੂਈਸ ਨੇ ਲਿਖਿਆ ਹੈ:

> ਪੀੜ੍ਹੀ (*genea*) ਦਾ ਅਰਥ ਪੂਰੇ ਅਧਿਆਇ ਦੀ ਵਿਆਖਿਆ ਲਈ ਔਖਾ ਹੈ। ਹਾਲਾਂਕਿ ਜੇਰੋਮ ਦੀ ਕਰਦੇ ਹੋਏ ਸਕੋਫ਼ਿਤ ਨੇ ਇਹ ਮੰਨ ਲਿਆ ਹੈ ਕਿ ਇਸ ਦਾ ਅਰਥ ਯਹੂਦੀ ਕੌਮ ਸੀ, ਪਰ ਨਵੇਂ ਨੇਮ ਵਿਚ ਸਿਰਫ਼ ਇਕ ਸੰਭਾਵਿਤ ਮਸਲਾ ਹੈ (ਲੂਕਾ 16:8) ਜਿੱਥੇ ਸ਼ਬਦਕੋਸ਼ ਇਹ ਸੁਝਾਅ ਦਿੰਦਾ ਹੈ ਕਿ ***genea*** ਦਾ ਅਰਥ ਕੌਮ ਹੈ। ***genea*** (ਕੌਮ) ਅਤੇ ***genea*** (ਪੀੜੀ) ਵਿਚ ਫ਼ਰਕ ਹੈ। ਦੂਜਿਆਂ ਨੇ ਤਰਕ ਦਿੱਤਾ ਹੈ ਕਿ ***genea*** ਦਾ ਅਰਥ ਆਖ਼ਰੀ ਪੀੜ੍ਹੀ ਹੈ; ਅਰਥਾਤ ਨਿਸ਼ਾਨਾਂ ਦੀ ਸ਼ੁਰੂਆਤ ਹੋਣ ਤੇ, ਇਹ ਸਭ ਗੱਲਾਂ ਇਕ ਪੀੜ੍ਹੀ ਵਿਚ ਪੂਰੀਆਂ ਹੋ ਜਾਣਗੀਆਂ (ਤੁਲਨਾ 23:36)। ਪਰ ਮੱਤੀ ਵਿਚ ਕੀਤੀ ਹੋਰ ***genea*** ਦਾ ਅਰਥ ਇਕ ਸਮੇਂ ਵਿਚ ਰਹਿਣ ਵਾਲੇ ਲੋਕਾਂ ਅਤੇ ਸਮਾਨਤਾਵਾਂ ਯਿਸੂ ਦੇ ਸਮੇਂ ਵਿਚ ਰਹਿਣ ਵਾਲੇ ਲੋਕ ਹੈ (1:17; 11:16; 12:39, 41, 45; 23:36; ਮਰਕੁਸ 8:38; ਲੂਕਾ 11:50 ਤੋਂ; 17:25), ਅਤੇ ਬੇਸ਼ੱਕ ਇੱਥੇ ਇਸ ਦਾ ਅਰਥ ਇਹੋ ਹੈ।[34]

ਅਗਲੇ ਅਧਿਆਇ ਵਿਚ[35] ਆਇਤ 34 ਦਾ ਅਰਥ ਇਹ ਲਿਆ ਜਾਵੇਗਾ ਕਿ ਪਿਛਲੀਆਂ ਆਇਤਾਂ ਦੀਆਂ ਘਟਨਾਵਾਂ ਉਸੇ ਪੀੜ੍ਹੀ ਵਿਚ ਵਾਪਰਨੀਆਂ ਸਨ, ਜਦ ਮਸੀਹ ਨੇ ਉਹ ਸ਼ਬਦ ਕਹੇ ਸਨ।[36] ਇਸ ਤਰੀਕੇ ਨਾਲ ਉੱਠਣ ਵਾਲੀਆਂ ਕਠਿਨਾਈਆਂ[37] ਉਸੇ ਤਰ੍ਹਾਂ ਹੀ ਮੰਨੀਆਂ ਜਾਣਗੀਆਂ ਜਿਵੇਂ ਉਹ ਵਚਨ ਵਿਚ ਹਨ।

**ਇਕ ਅਹਿਮ ਸ਼ੁਰੂਆਤ (ਮੱਤੀ 24:4-14; ਮਰਕੁਸ 13:5-15; ਲੂਕਾ 21:8-19)**

ਅਸੀਂ ਮੱਤੀ 24 ਅਤੇ ਮਰਕੁਸ ਅਤੇ ਲੂਕਾ ਵਿਚ ਇਸ ਨਾਲ ਸਬੰਧਿਤ ਆਇਤਾਂ ਤੇ ਅਧਿਐਨ ਦੀ ਸ਼ੁਰੂਆਤ ਨੂੰ ਤਿਆਰ ਹਾਂ, ਜੋ ਅਗਲੇ ਪਾਠ ਵਿਚ ਪੂਰਾ ਹੋਵੇਗਾ।

ਮਸੀਹ ਨੇ ਆਪਣਾ ਸੰਦੇਸ਼ ਕਈ ''ਬੇ ਨਿਸ਼ਾਨੀਆਂ'' ਨਾਲ ਸ਼ੁਰੂ ਕੀਤਾ। ਯਰੂਸ਼ਲਮ ਦੀ ਬਰਬਾਦੀ ਯਹੂਦੀਆਂ ਲਈ ਇਕ ਇਹੋ ਜਿਹੀ ਭਿਆਨਕ ਘਟਨਾ ਹੋਣੀ ਸੀ ਕਿ ਯਿਸੂ ਦੀ ਨਬੂਵਤ ਨੂੰ ਪੂਰਾ ਹੁੰਦੇ ਵੇਖਣ ਵਾਲਿਆਂ ਨੂੰ ਜਾਪ ਸਕਦਾ ਕਿ ਹਰ ਗੱਲ ਇਸ ਦਾ ਨਿਸ਼ਾਨ ਸੀ ਕਿ ਇਹ ਹੋਣਾ ਹੀ ਸੀ। ਇਸ ਉਦਾਹਰਣ ਤੇ ਵਿਚਾਰ ਕਰੋ: ਜੇ ਕਿਸੇ ਨੇ ਨਬੂਵਤ ਕੀਤੀ ਹੋਵੇ ਕਿ ਮੇਰਾ ਘਰ ਤਬਾਹ ਹੋ ਜਾਵੇਗਾ– ਅਤੇ ਮੈਂ ਉਸ ਨੂੰ ਮੰਨ ਲਿਆ– ਤਾਂ ਛੋਟੇ ਤੋਂ ਛੋਟੇ ਤੂਫ਼ਾਨ ਨਾਲ ਮੈਨੂੰ ਘਬਰਾਹਟ ਹੋਵੇਗੀ। ਮਸੀਹ ਨੇ ਆਪਣੇ ਪਿੱਛੇ ਚੱਲਣ ਵਾਲਿਆਂ ਨੂੰ ਗੁਮਰਾਹ ਨਹੀਂ ਕਰਨਾ ਚਾਹਿਆ (ਮੱਤੀ 24:4; ਮਰਕੁਸ 13:5; ਲੂਕਾ 21:8), ਇਸ ਲਈ ਉਸ ਨੇ ਪਹਿਲਾਂ ਉਨ੍ਹਾਂ ਨੂੰ *ਯਕੀਨੀ ਤੌਰ ਤੇ ਗੁਮਰਾਹ ਕਰਨ ਵਾਲੇ ਨਿਸ਼ਾਨਾਂ* ਤੋਂ ਜਾਣੂ ਕਰਵਾਇਆ।

*ਝੂਠੇ ਮਸੀਹ:* ਉਸ ਨੇ ਕਿਹਾ ਕਿ ਝੂਠੇ ਮਸੀਹ ਉਠ ਖੜੇ ਹੋਣਗੇ (ਮੱਤੀ 24:5; ਮਰਕੁਸ 13:6; ਲੂਕਾ 21:8; ਮੱਤੀ 24:24 ਦੇ ਅੱਗੇ ਵੀ ਵੇਖੋ; ਮਰਕੁਸ 13:22)। ਉਸ ਨੇ ਸਾਵਧਾਨ ਕੀਤਾ, ''ਉਨ੍ਹਾਂ ਦੇ ਮਗਰ ਨਾ ਲਗਣਾ'' (ਲੂਕਾ 21:8)। ਕਿਉਂਕਿ ਉਸ ਜ਼ਮਾਨੇ ਵਿਚ ਕਦੀ ਕਦੀ ਕੋਈ ਆਦਮੀ ਝੂਠੇ

ਦਾਅਵੇ ਕਰਕੇ ਲੋਕਾਂ ਨੂੰ ਆਪਣੀ ਵੱਲ ਖਿੱਚਦਾ ਸੀ (ਵੇਖੋ ਰਸੂਲਾਂ ਦੇ ਕੰਮ 5:34–39; 21:38)।[38]

*ਲੜਾਈਆਂ ਅਤੇ ਲੜਾਈਆਂ ਦੀਆਂ ਅਫ਼ਵਾਹਾਂ:* ਲੜਾਈਆਂ ਦੀਆਂ ਅਫ਼ਵਾਹਾਂ ਅਤੇ ਹੋਰ ਗੜਬੜੀਆਂ ਚੇਲਿਆਂ ਨੂੰ ਖ਼ਬਰਦਾਰ ਕਰਨ ਲਈ ਨਹੀਂ ਸਨ (ਮੱਤੀ 24:6; ਮਰਕੁਸ 13:7; ਲੂਕਾ 21:9)। ਪ੍ਰਭੂ ਨੇ ਸਮਝਾਇਆ, ''... ਇਹ ਗੱਲਾਂ ਤਾਂ ਹੋਣੀਆਂ ਹੀ ਹਨ, ਪਰ ਅਜੇ *[ਯਰੂਸ਼ਲਮ ਅਤੇ ਹੈਕਲ ਦਾ]* ਅੰਤ ਨਹੀਂ'' (ਮੱਤੀ 24:6; ਵੇਖੋ ਮਰਕੁਸ 13:7; ਲੂਕਾ 21:9)। ਇਹ ਸ਼ਬਦ ਉਸ ਸਮੇਂ ਕਹੇ ਗਏ ਸਨ, ਜਦ ਰੋਮੀ ਸਾਮਰਾਜ ਵਿਚ ਸ਼ਾਂਤੀ ਸੀ; ਪਰ ਇਤਹਾਸਕਾਰਾਂ ਮੁਤਾਬਿਕ ਕੁਝ ਹੀ ਦੇਰ ਬਾਅਦ ਲੜਾਈ ਭੜਕ ਉੱਠੀ ਸੀ।

*ਕੁਦਰਤੀ ਆਫ਼ਤਾਂ:* ਮਸੀਹ ਨੇ ਇਹ ਵੀ ਧਿਆਨ ਦੁਆਇਆ ਕਿ ਕੁਦਰਤੀ ਆਫ਼ਤਾਂ ਜਿਵੇਂ ਅਕਾਲ, ਬਵਾ ਅਤੇ ਭੁਚਾਲ ਹੋਣਗੇ (ਜਿਵੇਂ ਹਮੇਸ਼ਾ ਹੁੰਦੇ ਹਨ) (ਮੱਤੀ 24:7; ਮਰਕੁਸ 13:8; ਵੇਖੋ ਲੂਕਾ 21:11[39])। ਯਿਸੂ ਨੇ ਉਨ੍ਹਾਂ ਨੂੰ ''ਪੀੜਾਂ ਦਾ ਅਰੰਭ'' ਹੀ ਕਿਹਾ (ਮੱਤੀ 24:8; ਵੇਖੋ ਮਰਕੁਸ 13:8)। ''ਅਰੰਭ'' 6 ਅਤੇ 14 ਆਇਤਾਂ ਵਾਲੇ ''ਅੰਤ'' ਸ਼ਬਦ ਦੇ ਉਲਟ ਹੈ। ਹੋਰ ਸ਼ਬਦਾਂ ਵਿਚ, ਇਹ ਕੁਦਰਤੀ ਆਫ਼ਤਾਂ ''ਅੰਤ ਦਾ ਨਿਸ਼ਾਨ'' *ਨਹੀਂ* ਹੋਣੀਆਂ ਸਨ।

*ਕਲੀਸੀਆ ਨਾਲ ਜੁੜੇ ਸੰਕਟ:* ਯਿਸੂ ਦੇ ਮਗਰ ਚੱਲਣ ਵਾਲਿਆਂ ਨੂੰ ਸਤਾਓ ਦੀ ਉਮੀਦ ਰੱਖਣ ਦੀ ਚੇਤਾਵਨੀ ਦਿੱਤੀ ਗਈ (ਮੱਤੀ 24:9; ਮਰਕੁਸ 13:9, 13; ਲੂਕਾ 21:12, 16, 17)।[40] ਪਰ ਪ੍ਰਭੂ ਨੇ ਉਨ੍ਹਾਂ ਦੇ ਨਾਲ ਹੋਣ ਦਾ ਦਾਅਵਾ ਕੀਤਾ (ਲੂਕਾ 21:18[41]) ਅਤੇ ਉਨ੍ਹਾਂ ਨੂੰ ਦੱਸਿਆ ਕਿ ਸਤਾਓ ਨੂੰ ਆਪਣੇ ਵਿਸ਼ਵਾਸ ਦੀ ਗਵਾਹੀ ਦੇਣ ਦਾ ਮੌਕਾ ਸਮਝੋ (ਮਰਕੁਸ 13:9, 11; ਲੂਕਾ 21:12, 13–15)।[42] ਇਕ ਹੋਰ ਦਿੱਕਤ ਝੂਠੇ ਨਬੀਆਂ (ਗੁਰੂਆਂ) ਦੀ ਹੋਣੀ ਸੀ, ਜਿਨ੍ਹਾਂ ਨੇ ਬਹੁਤ ਸਾਰੇ ਲੋਕਾਂ ਨੂੰ ਗੁਮਰਾਹ ਕਰਨਾ ਸੀ (ਮੱਤੀ 24:11; ਵੇਖੋ ਮੱਤੀ 24:24; ਮਰਕੁਸ 13:22)।[43] ਸਤਾਓ ਅਤੇ ਧੋਖੇ ਵਿਚ ਆ ਕੇ ਕੁਝ ਮਸੀਹੀ ਲੋਕਾਂ ਨੇ ਬੇਦੀਨ ਹੋ ਜਾਣਾ ਸੀ। ਕਈਆਂ ਨੇ ਮਸੀਹੀ ਸਾਥੀਆਂ ਨੂੰ ਅਤੇ ਆਪਣੇ ਪਰਿਵਾਰ ਦੇ ਲੋਕਾਂ ਨੂੰ ਵੀ ਫੜਵਾਉਣਾ ਸੀ (ਮੱਤੀ 24:10, 12; ਮਰਕੁਸ 13:12; ਲੂਕਾ 21:16)। ਮਸੀਹ ਨੇ ਕਿਹਾ, ''ਪਰ ਜਿਹੜਾ ਅੰਤ ਤੋੜੀ ਸਹੇਗਾ ਸੋ ਹੀ ਬਚਾਇਆ ਜਾਵੇਗਾ'' (ਮੱਤੀ 24:13; ਮਰਕੁਸ 13:13; ਵੇਖੋ ਲੂਕਾ 21:19)। ਉਹ ਉਨ੍ਹਾਂ ਦੇ ਅਤੇ ਸਾਡੇ ਵਿਸ਼ਵਾਸੀ ਰਹਿਣ ਦੀ ਕਿੰਨੀ ਰਾਹ ਵੇਖਦਾ ਹੈ!

*ਇੰਜੀਲ ਦਾ ਪਸਾਰ:* ਯਿਸੂ ਨੇ ''ਅਨਿਸ਼ਾਨੀਆਂ'' ਦੀ ਸੂਚੀ ਇਹ ਕਹਿੰਦੇ ਹੋਏ ਸਮੇਟ ਦਿੱਤੀ ਕਿ ''ਰਾਜ ਦੀ ਇਸ ਖੁਸ਼ਖ਼ਬਰੀ ਦਾ ਪ੍ਰਚਾਰ ਸਾਰੀ ਦੁਨੀਆਂ ਵਿਚ ਕੀਤਾ ਜਾਵੇਗਾ, ਜੋ ਸਭ ਕੌਮਾਂ ਉੱਤੇ ਸਾਖੀ ਹੋਵੇ, ਤਦ *[ਯਰੂਸ਼ਲਮ ਅਤੇ ਹੈਕਲ ਦਾ]* ਅੰਤ ਆਵੇਗਾ'' (ਮੱਤੀ 24:14; ਵੇਖੋ ਮਰਕੁਸ 13:10)। ਕਈ ਹਫ਼ਤਿਆਂ ਬਾਅਦ, ਆਪਣੇ ਸੁਰਗ ਨੂੰ ਉਠਾਏ ਜਾਣ ਤੋਂ ਪਹਿਲਾਂ, ਪ੍ਰਭੂ ਨੇ ਚੇਲਿਆਂ ਨੂੰ ''ਸਾਰੀ ਦੁਨੀਆਂ ਵਿਚ ਜਾ ਕੇ ਖੁਸ਼ਖ਼ਬਰੀ ਦਾ ਪ੍ਰਚਾਰ'' ਕਰਨ, ''ਸਾਰੀਆਂ ਕੌਮਾਂ ਨੂੰ ਚੇਲੇ ਬਣਾਉਣ'' ਦੀ ਮਹਾਨ ਆਗਿਆ ਦਿੱਤੀ (ਮਰਕੁਸ 16:15; ਮੱਤੀ 28:19)। ਰਸੂਲਾਂ ਦੇ ਕੰਮ ਦੀ ਕਿਤਾਬ ਤੋਂ ਸਾਨੂੰ ਪਤਾ ਲਗਦਾ ਹੈ ਕਿ ਮਸੀਹ ਦੇ ਪਿੱਛੇ ਚੱਲਣ ਵਾਲਿਆਂ ਨੇ ਕਿਸ ਤਰ੍ਹਾਂ ''ਧਰਤੀ ਦੇ ਬੰਨੇ ਬੰਨੇ ਤਕ'' ਖੁਸ਼ਖ਼ਬਰੀ ਦਾ ਇੰਜੀਲ ਨੂੰ ਲੈ ਜਾਣ ਦਾ ਕੰਮ ਕਬੂਲ ਕੀਤਾ (ਰਸੂਲਾਂ ਦੇ ਕੰਮ 1:8)। ਪਰ ਇਨ੍ਹਾਂ ਸਭਨਾਂ ਤੇ ਗੱਲ ਕਰਨ ਦਾ ਸਮਾਂ ਨਹੀਂ ਹੈ। ਇਸ ਤਰ੍ਹਾਂ ਪ੍ਰਭੂ ਨੇ ਜ਼ੋਰ ਦਿੱਤਾ ਕਿ ਹੈਕਲ ਦਾ ''ਅੰਤ'' ਆਉਣ ਵਾਲੇ ਸਾਲਾਂ ਵਿਚ ਹੋਣਾ ਸੀ। ਲਗਭਗ 63 ਈਸਵੀ (ਯਰੂਸ਼ਲਮ ਦੀ ਬਰਬਾਦੀ ਸ ਤੋਂ 7 ਸਾਲ ਪਹਿਲਾਂ), ਪੌਲੁਸ ਇਹ ਲਿਖ ਸਕਿਆ ਕਿ ਇੰਜੀਲ ''ਦਾ ਪ੍ਰਚਾਰ ਅਕਾਸ਼ ਹੇਠਲੀ ਸਾਰੀ ਸਰਿਸ਼ਟ ਵਿਚ ਕੀਤਾ ਗਿਆ'' ਸੀ (ਕੁਲੁੱਸੀਆਂ 1:23[44])।

## ਸਾਰ

ਅ– ਨਿਸ਼ਾਨੀ (ਜੋ ਨਿਸ਼ਾਨ ਨਹੀਂ ਹਨ) ਅਤੇ ਸੰਭਵ ਤੌਰ ਤੇ ਗੁਮਰਾਹ ਕਰਨ ਵਾਲੀਆਂ ਨਿਸ਼ਾਨੀਆਂ ਦੀ ਸੂਚੀ ਦੇਣ ਤੋਂ ਬਾਅਦ ਯਿਸੂ ਨੇ ਆਪਣੇ ਚੇਲਿਆਂ ਨੂੰ ਦੱਸਿਆ ਕਿ ਉਨ੍ਹਾਂ ਨੂੰ ਸਾਫ਼ ਤੌਰ ਤੇ ਕਿਵੇਂ *ਪਤਾ* ਚੱਲ ਸਕਦਾ ਸੀ ਕਿ ਛੇਤੀ ਹੀ ਯਰੂਸ਼ਲਮ ਬਰਬਾਦ ਹੋ ਜਾਵੇਗਾ (ਮੱਤੀ 24:15; ਲੂਕਾ 21:20)। ਅਗਲੇ ਪਾਠ ਵਿਚ ਅਸੀਂ ਮੱਤੀ 24 ਦਾ ਆਪਣਾ ਅਧਿਐਨ ਉੱਥੋਂ ਹੀ ਅੱਗੇ ਵਧਾਵਾਂਗੇ।

ਇਸ ਸਮੇਂ, ਤੁਸੀਂ ਹੈਰਾਨ ਹੋ ਰਹੇ ਹੋਵੋਗੇ ਕਿ ਖ਼ੁਦਾ ਨੇ ਇਹ ਉਲਝਾਉਣ ਵਾਲਾ ਅਧਿਆਇ ਕਿਉਂ ਰੱਖਿਆ ਹੈ। ਜਿਵੇਂ ਕਿ ਅਸੀਂ ਅਗਲੇ ਪਾਠ ਵਿਚ ਵੇਖਾਂਗੇ, ਸਾਫ਼ ਤੌਰ ਤੇ ਇਕ ਕਾਰਣ ਯਰੂਸ਼ਲਮ ਨੂੰ ਰੋਮੀ ਫ਼ੌਜਾਂ ਵੱਲੋਂ ਘੇਰ ਲੈਣ ਦੇ ਸਮੇਂ ਸ਼ਹਿਰ ਵਿਚ ਮਸੀਹੀ ਲੋਕਾਂ ਨੂੰ ਰੱਖਣਾ ਸੀ। ਸ਼ਾਇਦ ਉਹ ਸਾਡੇ ਦਿਮਾਗ ਵਿਚ ਇਹ ਗੱਲ ਪਾਉਣਾ ਚਾਹੁੰਦਾ ਸੀ ਕਿ ਜੋ ਕੁਝ ਪ੍ਰਭੂ ਕਹਿੰਦਾ ਹੈ, ਅਸੀਂ ਉਸ ਤੇ ਨਿਰਭਰ ਰਹਿ ਸਕਦੇ ਹਾਂ: ਅਗਲੇ ਪਾਠ ਵਿਚ, ਅਸੀਂ ਵੇਖਾਂਗੇ ਕਿ ''ਪੱਥਰ ਤੇ ਪੱਥਰ ਨਹੀਂ'' ਦੀ ਉਸ ਦੀ ਨਬੂਵਤ ਸੌ ਫ਼ੀਸਦੀ ਪੂਰੀ ਹੋਈ ਸੀ। ਸੰਭਵ ਤੌਰ ਤੇ ਇਸ ਦਾ ਮੁੱਖ ਮਕਸਦ ਹਰ ਹਾਲ ਵਿਚ ਵਿਸ਼ਵਾਸੀ ਬਣੇ ਰਹਿਣ ਦੀ ਲੋੜ ਤੇ ਜ਼ੋਰ ਦੇਣਾ ਹੈ। ਸਾਨੂੰ ਹਮੇਸ਼ਾ *ਤਿਆਰ* ਰਹਿਣਾ ਚਾਹੀਦਾ ਹੈ। (ਮੱਤੀ 24:13, 42, 44)।

## ਨੋਟਸ

ਇਸ ਪਾਠ ਵਿਚ ਵਿਸਤਾਰ ਸਹਿਤ ਆਇਤਾਂ ਸਾਡੀ ਲੜੀ ਦੇ ਪਾਠਾਂ ਅਤੇ ਸਰਮਨਾਂ ਦੋਹਾਂ ਵਿਚ ਦਿੱਤੀਆਂ ਗਈਆਂ ਹਨ: ਅਗਲੀ ਕਿਤਾਬ ਵਿਚ ''ਜਦੋਂ ਯਿਸੂ ਸਾਡੇ ਚੰਦੇ ਨੂੰ ਵੇਖਦਾ ਹੈ'' ਅਤੇ ''ਸਮਾਂ ਆ ਗਿਆ ਹੈ'' ਵਿਚ ਇਸ ਅਤੇ ਅਗਲੇ ਪਾਠ ਵਿਚ ਮੱਤੀ 24 ਦੇ ਅਧਿਐਨ ਨਾਲ ਵੇਖੋ। ਤਾਂ ਵੀ ''ਸੰਸਾਰ ਦੀ ਲੋੜ'' (''ਯਿਸੂ ਨੂੰ ਵੇਖਣ'' ਦੀ; ਯੂਹੰਨਾ 12:21; ''ਜੇ ਮੈਂ ਉੱਪਰ ਉਠਾਇਆ ਜਾਵਾਂ'');[45] ''ਇਸ ਜਗਤ ਦਾ ਰਾਜਕੁਮਾਰ'' (ਯੂਹੰਨਾ 12:31; ਵੇਖੋ ਮੱਤੀ 4:8, 9; 2 ਕੁਰਿੰਥੀਆਂ 4:4; ਅਫ਼ਸੀਆਂ 6:12); ਅਤੇ ''ਤੁਹਾਨੂੰ ਕਿਸ ਦੀ ਤਾਰੀਫ਼ ਵੱਧ ਹੋਣੀ ਚਾਹੀਦੀ ਹੈ?'' (ਯੂਹੰਨਾ 12:43)।

## ਇਕ ਵਿਆਖਿਆ

ਇਸ ਅਤੇ ਅਗਲੇ ਪਾਠ ਵਿਚ ਅਧਿਐਨ ਦੇ ਸਾਡੇ ਪ੍ਰਬੰਧ ਨਾਲ ਜੁੜੀਆਂ ਕਈ ਚੁਣੌਤੀਆਂ ਮਿਲਦੀਆਂ ਹਨ। ਇਕ ਚੁਣੌਤੀ ਤਾਲਮੇਲ ਦੀਆਂ ਆਇਤਾਂ ਨੂੰ ਚਾਲ੍ਹੀ ਮਿਲਦੇ ਜੁਲਦੇ ਭਾਗਾਂ ਵਿਚ ਵੰਡਣ ਦੇ ਮੇਰੇ ਟੀਚੇ ਦੇ ਕਾਰਣ ਹਨ: ਇਹ ਢੰਗ ਤਾਲਮੇਲ ਦੇ ਇਸ ਭਾਗ ਤੋਂ ਇਲਾਵਾ ਹੋਰ ਹਰ ਥਾਂ ਕੰਮ ਆਇਆ। ਇਹ ਵੰਡਣ ਵਾਲੀ ਚੰਗੀ ਥਾਂ ਨਹੀਂ ਹੈ। ਇਸ ਲਈ ਜਿਵੇਂ ਕਿ ਤੁਸੀਂ ਬਾਈਬਲ ਪਾਠ ਦੀਆਂ ਆਇਤਾਂ ਵਿਚ ਵੇਖਿਆ ਹੋਵੇਗਾ, ਇਹ ਪਾਠ ਮੱਤੀ 24 ਦੇ ਅਧਿਐਨ ਦੀ *ਸ਼ੁਰੂਆਤ* ਹੈ ਅਤੇ ਅਗਲੇ ਪਾਠ ਵਿਚ *ਪੂਰਾ* ਹੋਵੇਗਾ। ਇਸ ਲਈ ਮੈਂ ਇਨ੍ਹਾਂ ਪਾਠਾਂ ਨੂੰ ਦੋ ਭਾਗਾਂ ਦੇ ਅਧਿਐਨ ਦੇ ਰੂਪ ਵਿਚ ਵੇਖ ਰਿਹਾ ਹਾਂ।

*ਇਕ ਸਬੰਧਤ ਚੁਣੌਤੀ:* ਮੂਲ ਯੋਜਨਾ ਤਾਲਮੇਲ ਦੇ ਭਾਗ ਤੇ ਇਕ ਬਾਈਬਲ ਕਲਾਸ ਦਾ ਪਾਠ ਉਸ ਦੇ ਬਾਅਦ ਪਾਠ ਦੀਆਂ ਆਇਤਾਂ ਵਿੱਚੋਂ ਇਕ ਭਾਗ ਤੇ ਅਧਾਰਿਤ ਇਕ ਸਰਮਨ। ਕਿਉਂਕਿ ਅਸੀਂ ਇਸ ਅਤੇ ਅਗਲੇ ਪਾਠ ਵਿਚ ਮੱਤੀ 24 ਤੇ ਵਿਸਤਾਰ ਵਿਚ ਅਧਿਐਨ ਕਰ ਰਹੇ ਹਾਂ, ਇਸ ਲਈ ਦੂਜੇ ਪਾਠ ਦੇ ਸਬੰਧ ਨਾਲ ਸਰਮਨ ਲਈ ਸਪੱਸ਼ਟ ਆਇਤਾਂ ਨਹੀਂ ਹਨ। ਇਸ ਲਈ ਅਗਲੇ ਪਾਠ ਤੋਂ ਬਾਅਦ ਵਾਲਾ ਸਰਮਨ *ਇਸ* ਪਾਠ ਵਿੱਚੋਂ ਯਿਸੂ ਨੂੰ ਲੱਭਣ ਅਤੇ ਯੂਨਾਨੀਆਂ ਦੀ ਘਟਨਾ ਵਿੱਚੋਂ ਲਿਆ ਗਿਆ ਹੈ।

*ਇਕ ਵੱਖਰੀ ਮੁਸ਼ਕਿਲ:* ਅਸੀਂ ਪੱਕਾ ਨਹੀਂ ਕਹਿ ਸਕਦੇ ਕਿ ਯੂਹੰਨਾ 12:20–50 ਦੀ ਘਟਨਾ

(ਜਾਂ ਘਟਨਾਵਾਂ) ਕਦ ਵਾਪਰੀਆਂ। ਐਤਵਾਰ ਦੇ ਫ਼ਤਹਿਮੰਦ ਦਾਖਲੇ ਅਤੇ ਸ਼ੁੱਕਰਵਾਰ ਦੇ ਪ੍ਰਭੂ ਭੋਜ ਵਿਚ ਯੂਹੰਨਾ ਰਾਹੀਂ ਲਿਖੀ ਇਹੀ ਇਕੱਲੀ ਘਟਨਾ ਹੈ। ਇਸ ਲਈ ਅਸੀਂ ਪੱਕਾ ਨਹੀਂ ਜਾਣਦੇ ਕਿ ਹੈਕਲ ਵਿਚ ਮਸੀਹ ਦੀਆਂ ਗਤੀਵਿਧੀਆਂ ਦੇ ਸਬੰਧ ਵਿਚ ਇਸ ਆਇਤ ਨੂੰ ਕਿੱਥੇ ਲਾਈਏ। ਕਈ ਸਮਾਨਤਾਵਾਂ ਵਿਚ ਇਸ ਕਹਾਣੀ ਨੂੰ ਸੋਮਵਾਰ ਦੀਆਂ ਗਤੀਵਿਧੀਆਂ ਦੇ ਭਾਗ ਦੇ ਰੂਪ ਵਿਚ ਦਿੱਤਾ ਗਿਆ ਹੈ। ਮੈਨੂੰ ਇਹ ਉੱਥੇ ਹੀ ਸਹੀ ਲਗਦਾ ਹੈ, ਜਿੱਥੇ ਮੈਂ ਇਸ ਨੂੰ ਰੱਖਿਆ ਹੈ (1) ਜੇ ਯਿਸੂ ਔਰਤਾਂ ਦੇ ਵਿਹੜੇ ਵਿਚ ਸੀ (ਜਿਵੇਂ ਉਹ ''ਵਿਧਵਾ ਦੀ ਦਮੜੀ'' ਦੀ ਘਟਨਾ ਦੇ ਸਮੇਂ ਸੀ), ਪਰਾਈ ਕੌਮ (ਯੂਨਾਨੀ) ਉੱਥੇ ਨਹੀਂ ਜਾ ਸਕਦੇ ਸਨ ਜਿੱਥੇ ਉਹ ਸੀ ਅਤੇ ਸਿਰਫ਼ ਬੇਨਤੀ ਹੀ ਕਰ ਸਕੇ ਹੋਣਗੇ ਕਿ ਉਹ ਉਨ੍ਹਾਂ ਕੋਲ ਆਵੇ। (2) ਯੂਹੰਨਾ 12:37–50 ਇਸ ਗੱਲ ਦਾ ਸਾਰ ਹੈ ਕਿ ਯਹੂਦੀਆਂ ਨੇ ਯਿਸੂ ਨੂੰ ਕਿਵੇਂ ਕਬੂਲ ਕੀਤਾ ਜਾਂ ਹੋਰ ਸਾਫ਼ ਕਹੀਏ, ਤਾਂ ਯਹੂਦੀ ਆਗੂਆਂ ਨੇ ਉਸ ਨੂੰ ਕਿਵੇਂ ਕਬੂਲ *ਨਹੀਂ* (ਕੀਤਾ)। ਇਸ ਸਾਰ ਵਿਚ ਮਸੀਹ ਦੇ ਆਖ਼ਰੀ ਵਾਰ ਹੈਕਲ ਵਿਚ ਜਾਣ ਦਾ ਪਿਛੋਕੜ ਮਿਲਦਾ ਹੈ।

---

ਟਿੱਪਣੀਆਂ

[1]ਇਹ ਅਤੇ ਅਗਲਾ ਪਾਠ ਅਧਿਐਨ ਦੇ ਸਾਡੇ ਪ੍ਰਬੰਧ ਦੇ ਸਬੰਧ ਵਿਚ ਕੁਝ ਖ਼ਾਸ ਚੁਣੌਤੀਆਂ ਦਿੰਦੇ ਹਨ। [2]ਹੈਕਲ ਦਾ ਖ਼ਜ਼ਾਨਾ ਔਰਤਾਂ ਦੇ ਅਹਾਤੇ ਵਿਚ ਹੀ ਸੀ (ਵੇਖੋ ਮਰਕੁਸ 12:41; ਲੂਕਾ 21:1)। ਇਸ ਦੀ ਥਾਂ ਲਈ, *ਮਸੀਹ ਦੀ ਜ਼ਿੰਦਗੀ, 1* ਕਿਤਾਬ ਵਿਚ ਹੈਕਲ ਦਾ ਰੇਖਾਚਿੱਤਰ ਵੇਖੋ। [3]ਬੀ. ਐੱਸ. ਡੀਨ, ''ਬਾਈਬਲ ਇਤਿਹਾਸ ਦੀ ਇਕ ਰੂਪਰੇਖਾ'' (*ਟਰੁੱਥ ਫ਼ਾਰ ਟੁਡੇ,* ਪੰਜਾਬੀ)। [4]ਅਸੀਂ ਪੱਕਾ ਨਹੀਂ ਕਹਿ ਸਕਦੇ ਕਿ ਯਿਸੂ ਦੀ ਸੇਵਕਾਈ ਦੇ ਆਖ਼ਰੀ ਦਿਨਾਂ ਵਿਚ ਇਹ ਘਟਨਾ ਕਿੱਥੇ ਹੋਣੀ ਚਾਹੀਦੀ ਹੈ, ਪਰ ਇੱਥੇ ਇਹ ਠੀਕ ਲਗਦੀ ਹੈ। [5]ਯੂਹੰਨਾ 12:42 ਵਿਚ ''ਸਰਦਾਰਾਂ'' ਸ਼ਬਦ ਵਿਚ ਸਿਨਾਗੋਗ ਦੇ ਅਧਿਕਾਰੀ ਲਈ ਹੋ ਸਕਦਾ ਹੈ। ਇਸ ਸੰਦਰਭ ਵਿਚ ਇਹ ਮਹਾਂਸਭਾ ਦੇ ਮੈਂਬਰਾਂ ਦੀ ਗੱਲ ਹੋਵੇਗੀ। ਅਧਿਕਾਰੀਆਂ ਵਿਚ ਪੈਦਾ ਹੋਏ ਵਿਸ਼ਵਾਸ ਦੀ ਇਕ ਮਿਸਾਲ ਲਈ, ਵੇਖੋ ਯੂਹੰਨਾ 8:30, 31; 9:16. [6]ਸਿਨਾਗੋਗ ਵਿੱਚੋਂ ਕੱਢੇ ਜਾਣ ਬਾਰੇ ਅਧਿਕਾਰੀਆਂ ਤੇ ਨਾਂਹ ਪੱਖੀ ਪ੍ਰਭਾਵ ਉਸ ਅੰਨ੍ਹੇ ਨਾਲੋਂ ਵੀ ਵੱਧ ਹੋਵੇਗਾ। [7]ਯੂਹੰਨਾ ਨੇ ਹੁਣੇ ਹੀ ਕਿਹਾ ਸੀ ਕਿ ਯਿਸੂ ਚਲਿਆ ਗਿਆ ਅਤੇ ਉਨ੍ਹਾਂ ਤੋਂ ਲੁਕ ਗਿਆ (ਯੂਹੰਨਾ 12:36), ਇਸ ਕਰਕੇ ਅਸੀਂ ਇਹ ਮੰਨ ਲੈਂਦੇ ਹਾਂ ਕਿ ਇਹ ਸ਼ਬਦ ਯੂਹੰਨਾ 12:23–36 ਦੇ ਸੰਦੇਸ਼ ਤੇ ਫ਼ੌਰਨ ਬਾਅਦ ਨਹੀਂ ਕਹੇ ਗਏ ਸਨ। ਉਹ ਮਸੀਹ ਦੀ ਸੇਵਕਾਈ ਦੇ ਆਖ਼ਰੀ ਹਫ਼ਤੇ ਦੌਰਾਨ ਕਿਸੇ ਵੀ ਵਕਤ ਕਹੇ ਗਏ ਹੋ ਸਕਦੇ ਹਨ। [8]*ਮਸੀਹ ਦੀ ਜ਼ਿੰਦਗੀ,* 2 ਕਿਤਾਬ ਵਿਚ ''ਖ਼ੁਦਾ ਦੇ ਬਰਾਬਰ'' ਸਰਮਨ ਵੇਖੋ। [9]ਯੂਹੰਨਾ 8:12 ਤੇ ਟਿੱਪਣੀਆਂ ਲਈ, *ਮਸੀਹ ਦੀ ਜ਼ਿੰਦਗੀ,* 4 ਕਿਤਾਬ ਵਿਚ ''ਕੋਈ ਬਦਲ ਨਾ ਮੰਨੋ'' ਪਾਠ ਅਤੇ ਯੂਹੰਨਾ 9 ਦੇ ਸਬੰਧ ਵਿਚ ਉਸੇ ਕਿਤਾਬ ਵਿਚ ''ਮੈਂ ਅੰਨ੍ਹਾਂ ਸਾਂ ਪਰ ਹੁਣ ਵੇਖਦਾ ਹਾਂ'' ਪਾਠ ਵੇਖੋ। [10]ਅਜਿਹੀ ਹੀ ਗੱਲ ਯੂਹੰਨਾ 3:17 ਵਿਚ ਕਹੀ ਗਈ ਹੈ। ਯਿਸੂ ਦੀ ''ਪਹਿਲੀ ਆਮਦ'' ਮੁਕਤੀਦਾਤੇ ਦੇ ਰੂਪ ਵਿਚ ਸੀ, ਨਾ ਕਿ ਨਿਆਈਂ ਦੇ ਰੂਪ ਵਿਚ; ਪਰ ਦੂਜੀ ਆਮਦ ਵੇਲੇ, ਉਹ ਸਾਡਾ ਨਿਆਈਂ *ਹੋਵੇਗਾ* (ਮੱਤੀ 25:31, 32; ਰਸੂਲਾਂ ਦੇ ਕੰਮ 17:31)।

[11]ਇਸ ਦੀ ਤੁਲਨਾ ਪ੍ਰਕਾਸ਼ ਦੀ ਪੋਥੀ 20:12 ਨਾਲ ਕਰੋ, ਜੋ ਨਿਆਂ ਵੇਲੇ ਪੋਥੀ ਖੁੱਲ੍ਹਣ ਅਤੇ ਲੋਕਾਂ ਦਾ ਨਿਆਂ ਉਸੇ ਤਰ੍ਹਾਂ ਹੀ ਹੋਣ ਦੀ ਗੱਲ ਕਰਦੀ ਹੈ, ''ਜਿਵੇਂ ਉਨ੍ਹਾਂ ਪੋਥੀਆਂ ਵਿਚ ਲਿਖਿਆ ਹੋਇਆ ਸੀ।'' [12]ਪੜ੍ਹੋ ਯੂਹੰਨਾ 2:11; 8:54. [13]ਪੜ੍ਹੋ 1 ਸਮੂਏਲ 4:21, 22. [14]''ਭੇਂਟ ਦੀਆਂ ਜਾਂ ਮਣਸੀਆਂ ਹੋਈਆਂ ਚੀਜ਼ਾਂ'' ਮੰਨਤ ਦੇ ਪੂਰਾ ਹੋਣ ਤੇ ਦਿੱਤੇ ਗਏ ਨਜ਼ਰਾਨੇ ਸਨ। NIV ਬਾਈਬਲ ਵਿਚ ''ਖ਼ੁਦਾ ਨੂੰ ਸਮਰਪਿਤ ਦਾਨ'' ਹਨ। [15]ਇਹ ਕੰਮ 64 ਈਸਵੀ ਤਕ ਭਾਵ ਹੈਕਲ ਦੇ ਢਹਿਣ ਤੋਂ ਛੇ ਮਹੀਨੇ ਤਕ ਪਹਿਲਾਂ ਪੂਰਾ ਨਹੀਂ ਹੋਇਆ ਸੀ। [16]ਹੈਕਲ ਬਾਰੇ ਸਾਨੂੰ ਜ਼ਿਆਦਾਤਰ ਜਾਣਕਾਰੀ ਜੋਸੇਫ਼ਸ *ਵਾਰਜ਼* 5.5 ਤੋਂ ਮਿਲਦੀ ਹੈ। [17]ਯਿਸੂ ਨੇ ਸ਼ਹਿਰ ਤੇ ਰੋਂਦੇ ਹੋਏ ਯਰੂਸ਼ਲਮ ਦੀ ਬਰਬਾਦੀ ਦੀ ਵੀ ਗੱਲ ਕੀਤੀ ਸੀ (ਲੂਕਾ 19:43, 44)। ਪਰ ਇਹ ਪੱਕਾ ਨਹੀਂ ਹੈ ਕਿ ਉਸ

ਸਮੇਂ ਚੇਲਿਆਂ ਨੇ ਉਸਦੀ ਗੱਲ ਸੁਣੀ ਸੀ ਜਾਂ ਨਹੀਂ। [18]ਯਰੂਸ਼ਲਮ ਤੇ ਰੋਂਦੇ ਹੋਏ ਯਿਸੂ ਨੇ ਇਹੀ ਗੱਲ ਪਹਿਲਾਂ ਕਹੀ ਸੀ (ਲੂਕਾ 19:44)। (ਪਿਛਲੀ ਟਿੱਪਣੀ ਵੇਖੋ।)। [19]ਜੇ ਡਬਲਯੂ. ਮੈਕਗਰਵੇ ਐਂਡ ਫ਼ਿਲਿੱਪ ਵਾਈ. ਪੈਂਡਲਟਨ, *ਦ ਫ਼ੋਰਫ਼ੋਲਡ ਗੌਸਪਲ ਆਰ ਏ ਹਾਰਮਨੀ ਆਫ਼ ਦ ਫ਼ੋਰ ਗੌਸਪਲਜ਼* (ਸਿੰਸਿਨਾਟੀ: ਸਟੈਂਡਰਡ ਪਬਲਿਸ਼ਿੰਗ ਕੰ., ਮਿਤੀ ਰਹਿਤ), 619. [20]ਰੌਬਰਟ ਡੰਕਨ ਕਲਵਰ, *ਦ ਲਾਈਫ਼ ਆਫ਼ ਕ੍ਰਾਈਸਟ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1976), 225–26.

[21]ਮੱਤੀ ਅਤੇ ਲੂਕਾ ਸੰਕੇਤ ਦਿੰਦੇ ਹਨ ਕਿ ਚੇਲਿਆਂ ਨੇ ਆਮ ਸਵਾਲ ਪੁੱਛੇ (ਮੱਤੀ 24:3; ਲੂਕਾ 21:7), ਜਦਕਿ ਮਰਕੁਸ ਖ਼ਾਸ ਕਰਕੇ ਪਤਰਸ, ਯਾਕੂਬ, ਯੂਹੰਨਾ ਅਤੇ ਅੰਦ੍ਰਿਆਸ ਦਾ ਨਾਂਅ ਦੱਸਦਾ ਹੈ (ਮਰਕੁਸ 13:3)। [22]ਪੰਜਾਬੀ ਅਤੇ KJV ਵਿਚ ''ਜਗਤ ਦਾ ਅੰਤ'' ਹੈ, ਪਰ ਜ਼ਿਆਦਾਤਰ ਅਨੁਵਾਦਕ ਸਹਿਮਤ ਹਨ ਕਿ ''ਜੁਗ'' ਬੇਹਤਰ ਅਨੁਵਾਦ ਹੈ [ਬਾਈਬਲ ਸੋਸਾਇਟੀ ਵੱਲੋਂ ਪੰਜਾਬੀ ਦੇ ਸੋਧੇ ਹੋਏ ਅਨੁਵਾਦ ਵਿਚ ਹੇਠਾਂ ਟਿੱਪਣੀ ਵਿਚ ''ਜੁਗ'' ਹੀ ਦਿੱਤਾ ਗਿਆ ਹੈ– ਅਨੁਵਾਦਕ।] [23]ਪੱਤਰੀਆਂ ਵਿਚ ਇਹ ਸ਼ਬਦ ਮਸੀਹ ਦੀ ਦੂਜੀ ਆਮਦ ਦੇ ਸਬੰਧ ਵਿਚ ਮਿਲਦਾ ਹੈ (ਵੇਖੋ 1 ਕੁਰਿੰਥੀਆਂ 15:23; 1 ਥੱਸਲੁਨੀਕੀਆਂ 2:19; 3:13; 4:15; ਯਾਕੂਬ 5:7, 8)। [24]ਵਿਲ ਐਡ ਵਾਰੇਨ, ਕਲਾਸ ਸਿਲੇਬਸ, *ਦ ਲਾਈਫ਼ ਆਫ਼ ਕ੍ਰਾਈਸਟ: ਦ ਸਿਨੋਪਟਿਕ ਗੌਸਪਲਜ਼,* ਹਾਰਡਿੰਗ ਯੂਨੀਵਰਸਿਟੀ, 1991, 96. [25]ਯਿਸੂ ਨੇ ਪਹਿਲਾਂ ਆਪਣੀ ਦੂਜੀ ਆਮਦ ਦੀ ਨਬੂਵਤ ਕੀਤੀ ਸੀ (ਵੇਖੋ ਮੱਤੀ 16:27; ਲੂਕਾ 12:40; 17:22–37)। ਪਰ ਜੇ ਚੇਲਿਆਂ ਨੂੰ ਇਹ ਸਮਝ ਨਹੀਂ ਆਈ ਸੀ ਕਿ ਉਸ ਦਾ ਮਰਨਾ ਅਤੇ ਜੀ ਉੱਠਣਾ ਜ਼ਰੂਰੀ ਸੀ, ਤਾਂ ਉਨ੍ਹਾਂ ਨੂੰ ਇਹ ਵੀ ਸਮਝ ਨਹੀਂ ਆਈ ਹੋਵੇਗੀ ਕਿ ਪ੍ਰਭੂ ਨੇ ਜਦ ਆਪਣੀ ਦੂਜੀ ਆਮਦ ਦੀ ਗੱਲ ਕਹੀ ਤਾਂ ਉਸ ਦਾ ਕੀ ਮਤਲਬ ਸੀ। [26]ਹੋਰਨਾਂ ਵੱਲੋਂ ਵੀ ਆਪਣੀ ਖ਼ਾਸ ਸਿੱਖਿਆ ਦੀ ਹਮਾਇਤ ਲਈ ਮੱਤੀ 24 ਦੀ ਵਰਤੋਂ ਕੀਤੀ ਜਾਂਦੀ ਹੈ। ਉਦਾਹਰਣ ਲਈ ਇਸ ਦੀ ਵਰਤੋਂ ਉਹ ਲੋਕ ਕਰਦੇ ਹਨ, ਜਿਨ੍ਹਾਂ ਦਾ ਮੰਨਣਾ ਹੈ ਕਿ ਪ੍ਰਭੂ ਦੀ ''ਦੂਜੀ ਆਮਦ'' 70 ਈਸਵੀ ਵਿਚ ਯਰੂਸ਼ਲਮ ਦੀ ਬਰਬਾਦੀ ਵੇਲੇ ਹੋ ਗਈ ਸੀ। ਇਸ ਅਜੀਬ ਸਿੱਖਿਆ ਨੇ ਕਲੀਸੀਆਵਾਂ ਨੂੰ ਕਈ ਇਲਾਕਿਆਂ ਵਿਚ ਵੰਡ ਦਿੱਤਾ ਹੈ। [27]ਏ. ਟੀ. ਰੌਬਰਟਸਨ, *ਏ ਹਾਰਮਨੀ ਆਫ਼ ਦ ਗੌਸਪਲਜ਼ ਫ਼ਾਰ ਸਟੂਡੈਂਟਸ ਆਫ਼ ਦ ਲਾਈਫ਼ ਆਫ਼ ਕ੍ਰਾਈਸਟ* (ਨਿਊ ਯਾਰਕ: ਹਾਰਪਰ ਐਂਡ ਰੋਅ, 1950), 173. [28]ਇਨ੍ਹਾਂ ਆਇਤਾਂ ਤੇ ਟਿੱਪਣੀਆਂ ਅਗਲੇ ਪਾਠ ਵਿਚ ਵੇਖੋ। [29]ਅਗਲੇ ਪਾਠ ਦਾ ਅਧਿਐਨ ਕਰੋ। ਇਕ ਹੋਰ ਸਬੂਤ ਕਿ ਮੱਤੀ 24 ਦਾ ਪਿਛਲਾ ਭਾਗ ਦੂਜੀ ਆਮਦ ਤੇ ਕੇਂਦਰਿਤ ਹੈ ਇਹ ਹੈ ਕਿ ਇਹ ਆਇਤਾਂ ਨਿਆਂ ਵਾਲੇ ਅਧਿਆਇ ਵਿਚ ਲੈ ਜਾਂਦੀਆਂ ਹਨ (ਮੱਤੀ 25)। [30]ਮੱਤੀ 24 ਅਤੇ ਇਸ ਨਾਲ ਸਬੰਧਤ ਆਇਤਾਂ ਤੇ ਅਧਿਐਨ ਕਰਦਿਆਂ, ਬਾਅਦ ਵਿਚ ਹੋਰ ਫ਼ਰਕ ਵਿਖਾਏ ਜਾਣਗੇ।

[31]ਇਸ ਢੰਗ ਦਾ ਇਕ ਖ਼ਤਰਾ ਇਹ ਹੈ ਕਿ ਜੇ ਤੁਸੀਂ ਇੰਜ ਕਰ ਸਕਦੇ ਹੋ ਤਾਂ ਦੂਜੇ ਵੀ ਕਰ ਸਕਦੇ ਹਨ। ਇਸ ਨਾਲ ਹਜ਼ਾਰ ਸਾਲਾ ਰਾਜ ਦੀ ਸਿੱਖਿਆ ਦੇਣ ਵਾਲਿਆਂ ਨੂੰ ਆਪਣੇ ਆਪ ਹੀ ਇਹ ਫ਼ੈਸਲਾ ਲੈਣ ਦੀ ਇਜਾਜ਼ਤ ਮਿਲ ਜਾਵੇਗੀ ਕਿ ਮੱਤੀ 24 ਦਾ ਪਹਿਲਾ ਭਾਗ ਯਰੂਸ਼ਲਮ ਦੀ ਬਰਬਾਦੀ ਦੀ ਥਾਂ ਦੂਜੀ ਆਮਦ ਦੀ ਗੱਲ ਕਰ ਰਿਹਾ ਹੈ। [32]ਯਰੂਸ਼ਲਮ ਦੀ ਬਰਬਾਦੀ ਚਾਲੀ ਤੋਂ ਵੀ ਘੱਟ ਸਾਲਾਂ ਦੇ ਅੰਦਰ ਅੰਦਰ ਭਾਵ ਯਿਸੂ ਵੱਲੋਂ ਇਨ੍ਹਾਂ ਸ਼ਬਦਾਂ ਦੇ ਕਹੇ ਜਾਣ ਵੇਲੇ ਕੁਝ ਲੋਕਾਂ ਦੀ ਜ਼ਿੰਦਗੀ ਵਿਚ ਹੀ ਹੋ ਗਈ। [33]ਆਰ. ਟੀ. ਫ਼੍ਰਾਂਸ, *ਦ ਗੌਸਪਲ ਅਕਾਰਡਿੰਗ ਟੂ ਮੈਥਿਊ,* ਟਿੰਡੇਲ ਨਿਊ ਟੈਸਟਾਮੈਂਟ ਕੰਮੈਂਟਰੀਜ਼ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ੰਗ ਕੰ., 1985), 346. [34]ਜੈਕ ਪੀ. ਲੂਈਸ, *ਦ ਗੌਸਪਲ ਟੂ ਮੈਥਿਊ, ਪਾਰਟ 2,* ਦ ਲਿਵਿੰਗ ਵਰਡ ਕਮੈਂਟਰੀ ਸੀਰੀਜ਼, ਅਨੁ. ਐਵਰਟ ਫ਼ਰਗਿਊਸਨ (ਅਬਿਲੇਨ, ਟੈਕਸਸ: ਏਸੀਯੂ ਪ੍ਰੈੱਸ, 1976), 129–30. [35]ਮੱਤੀ 24 ਦਾ ਇਹ ਅਧਿਐਨ ਈਸਟ ਸਾਈਡ ਚਰਚ ਆਫ਼ ਕ੍ਰਾਈਸਟ, ਮਿਡਵੈਸਟ ਸਿਟੀ, ਓਕਲਾਹੋਮਾ ਵਿਚ 30 ਸਤੰਬਰ 1997 ਨੂੰ ਦਿੱਤਾ ਗਿਆ ਸਟੈਫ਼ੋਰਡ ਨੌਰਥ ਦੇ ਲੈਕਚਰ ਤੇ ਅਧਾਰਿਤ ਹੈ। ਟਿੱਪਣੀਆਂ ਅਤੇ ਅਗਲੇ ਪਾਠ ਤੋਂ ਬਾਅਦ ਨੋਟਸ ਵਿਚ ਹੋਰ ਵਸੀਲਿਆਂ ਬਾਰੇ ਦੱਸਿਆ ਜਾਵੇਗਾ। [36]ਇਸ ਦਾ ਸੰਭਾਵਿਤ ਅਪਵਾਦ ਮੱਤੀ 24:27 ਹੈ, ਜਿੱਥੇ ਯਿਸੂ ਆਪਣੀ ਦੂਜੀ ਆਮਦ ਦੀ ਗੱਲ ਕਰਦਾ ਜਾਪਦਾ ਹੈ। [37]ਉਨ੍ਹਾਂ ''ਦਿੱਕਤਾਂ'' ਵਿਚ ਮੱਤੀ 24:27, 29–31 ਸ਼ਾਮਿਲ ਹੈ, ਜੋ ਯਰੂਸ਼ਲਮ ਦੀ ਬਰਬਾਦੀ ਦੀ ਥਾਂ ਦੂਜੀ ਆਮਦ ਬਾਰੇ ਜਾਪਦੀ ਹੈ। [38]ਜੋਸੇਫ਼ਸ

ਨੇ ਉਸ ਸਮੇਂ ਦੇ ਕਈ ਆਗੂਆਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਨੇ ਉੱਠ ਕੇ ਲੋਕਾਂ ਨੂੰ ਆਪਣੇ ਮਗਰ ਲਾ ਲਿਆ (*ਵਾਰਜ਼* 2. 12. 4–5; *ਐਂਟੀਕਵਿਟੀਜ਼* 20. 5. 1–2; 20. 8. 6)। [39]ਲੂਕਾ ਦੇ ਵਿਰਤਾਂਤ ਵਿਚ ''ਅਕਾਸ਼ ਵਿਚ ਭਿਆਨਕ ਗੱਲਾਂ ਅਤੇ ਵੱਡੇ ਵੱਡੇ ਨਿਸ਼ਾਨ ਪਰਗਟ ਹੋਣਗੇ'' ਜੋੜਿਆ ਗਿਆ ਹੈ। ਇਨ੍ਹਾਂ ਸ਼ਰਤਾਂ ਵਿਚ ਤੁਫ਼ਾਨ, ਗੜ੍ਹੇ ਅਤੇ ਹੜ੍ਹ ਵਰਗੀ ਕਿਸੇ ਸਾਫ਼ ਤੌਰ ਤੇ ਕੁਦਰਤੀ ਆਫ਼ਤ ਦਾ ਜ਼ਿਕਰ ਨਹੀਂ ਹੈ। [40]ਰਸੂਲਾਂ ਦੇ ਕੰਮ ਅਤੇ ਨਵੇਂ ਨੇਮ ਦੀਆਂ ਹੋਰ ਕਿਤਾਬਾਂ ਕਲੀਸੀਆ ਤੇ ਆਉਣ ਵਾਲੇ ਸਤਾਅ ਬਾਰੇ ਦੱਸਦੀਆਂ ਹਨ।

[41]ਪ੍ਰਭੂ ਨੇ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਉਨ੍ਹਾਂ ਵਿੱਚੋਂ ਕਈ ਮਾਰੇ ਜਾਣਗੇ (ਲੂਕਾ 21: 16), ਇਸ ਲਈ ਇਸ ਵਾਅਦੇ ਦਾ ਕਿ ''ਤੁਸੀਂ ਆਪਣੀਆਂ ਜਾਨਾਂ ਨੂੰ ਬਚਾਈ ਰੱਖੋਗੇ'' (ਲੂਕਾ 21: 18) ਦਾ ਮਤਲਬ ਇਹੀ ਹੋਣਾ ਚਾਹੀਦਾ ਹੈ ਕਿ ਮਾਰੇ ਜਾਣ ਦੇ ਬਾਵਜੂਦ ਉਨ੍ਹਾਂ ਦਾ ਨਾਸ ਨਹੀਂ ਹੋਣਾ ਸੀ। ਪ੍ਰਭੂ ਜੀ ਉੱਠਣ ਵਿਚ ਉਨ੍ਹਾਂ ਨਾਲ ਅਖ਼ੀਰ ਵਿਚ ਫ਼ਤਹਿ ਦਾ ਵਾਅਦਾ ਕਰ ਰਿਹਾ ਸੀ। [42]ਅਸੀਂ ਜਾਣਦੇ ਹਾਂ ਕਿ ਪੌਲੁਸ ਹਾਕਮਾਂ ਅਤੇ ਰਾਜਿਆਂ ਦੇ ਸਾਮਹਣੇ ਖਲੋਤਾ (ਵੇਖੋ ਰਸੂਲਾਂ ਦੇ ਕੰਮ 26); ਹੋਰ ਰਸੂਲ ਵੀ ਖਲੋਤੇ ਹੋਣਗੇ। ਇਹ ਵਾਅਦਾ ਕਿ ਆਪਣੇ ਬਾਅਦ ਲਈ ਉਨ੍ਹਾਂ ਨੂੰ ਬੋਲਣ ਦੀ ਪ੍ਰੇਰਣਾ ਪਵਿੱਤਰ ਆਤਮਾ ਵੱਲੋਂ ਮਿਲਣੀ ਸੀ ਰਸੂਲਾਂ ਲਈ ਵਾਅਦਾ ਸੀ, ਨਾ ਕਿ ਸਾਡੇ ਲਈ। ਦੂਜਿਆਂ ਨੂੰ ਸਿਖਾਉਣ ਦੇ ਯੋਗ ਬਣਨ ਲਈ ਸਾਨੂੰ ਪਹਿਲਾਂ ਖ਼ੁਦਾ ਦੇ ਵਚਨ ਦਾ ਅਧਿਐਨ ਕਰਨਾ ਜ਼ਰੂਰੀ ਹੈ। [43]ਇਸ ਨਬੂਵਤ ਦੇ ਪੂਰਾ ਹੋਣ ਲਈ, ਵੇਖੋ 2 ਪਤਰਸ 2: 1; 1 ਯੂਹੰਨਾ 4: 1. [44]ਜ਼ਿਆਦਤਰ ਲੋਕ ਇਸ ਗੱਲ ਨਾਲ ਸਹਿਮਤ ਹਨ ਕਿ ਇਸ ਆਇਤ ਵਿਚ ''ਸਾਰੀ ਸਰਿਸ਼ਟ'' ਵਾਕ ਮੁੱਖ ਤੌਰ ਤੇ ਰੋਮੀ ਹਕੂਮਤ ਲਈ ਹੈ। ਲੂਕਾ 2: 1 ਵਿਚ ''ਸਾਰੀ ਦੁਨੀਆਂ ਦੇ ਲੋਕਾਂ'' ਵਾਕ ਦੀ ਵਰਤੋਂ ਰੋਮੀ ਹਕੂਮਤ ਲਈ ਕੀਤੀ ਗਈ ਸੀ। ਸਾਫ਼ ਤੌਰ ਤੇ ਉਸ ਹਕੂਮਤ ਦੇ ਹਰ ਹਿੱਸੇ ਦੇ ਲੋਕਾਂ ਨੂੰ ਖੁਸ਼ਖ਼ਬਰੀ ਸੁਣਨ ਦਾ ਮੌਕਾ ਦਿੱਤਾ ਗਿਆ ਸੀ (ਵੇਖੋ ਰੋਮੀਆਂ 1:5, 8; ਕੁਲੁੱਸੀਆਂ 1:5, 6; 1 ਥੱਸਲੁਨੀਕੀਆਂ 1:8)। [45]ਬੈਟਸੈੱਲ ਬੈਰਟ ਬੈਕਸਟਰ, ''ਐਂਡ ਆਈ, ਇਫ਼ ਆਈ ਬੀ ਲਿਫ਼ਟਡ ਅੱਪ ... ,'' *ਇਫ਼ ਆਈ ਬੀ ਲਿਫ਼ਟਡ ਅੱਪ* (ਨੈਸ਼ਵਿੱਲੇ: ਗੌਸਪਲ ਐਡਵੋਕੇਟ ਕੰ., 1956), 1–8.

## ਚਾਰਟ 1: ਮੱਤੀ 24 ਵਿਚ ਭਿੰਨਤਾਵਾਂ

| ਯਰੂਸ਼ਲਮ ਦੀ ਬਰਬਾਦੀ (ਮੱਤੀ 24:4–35) | ਮਸੀਹ ਦੀ ਦੂਜੀ ਆਮਦ (ਮੱਤੀ 24:36–41) |
|---|---|
| ਪਹਿਲਾਂ ਭਿਆਨਕ ਸਮੇਂ ਹੋਣਗੇ (ਆਇਤਾਂ 5–12)। | ਪਹਿਲਾਂ ਆਮ ਸਮੇਂ ਹੋਣਗੇ (ਨੂਹ ਦੇ ਦਿਨਾਂ ਵਾਂਗ; ਆਇਤਾਂ 37–39) |
| ਇਕ ਖਾਸ ਨਿਸ਼ਾਨ ਹੋਵੇਗਾ ਜਿਸ ਦਾ ਮਸੀਹੀ ਲੋਕਾਂ ਨੂੰ ਪਤਾ ਲਗ ਜਾਵੇਗਾ (ਯਰੂਸ਼ਲਮ ਫ਼ੌਜਾਂ ਨਾਲ ਘਿਰਿਆ [ਆਇਤ 15; ਲੂਕਾ 21:20])। | ਚਿਤਾਵਨੀ ਦਾ ਕੋਈ ਨਿਸ਼ਾਨ ਨਹੀਂ ਹੋਵੇਗਾ ਉਸ ਘੜੀ ਨੂੰ ਕੋਈ ਨਹੀਂ ਜਾਣਦਾ (ਆਇਤ 36);<br>ਇਹ ਅਚਾਨਕ ਹੋਵੇਗਾ (ਆਇਤ 39)<br>ਚੋਰ ਵਾਂਗ ਬਿਨਾਂ ਦੱਸੇ (ਆਇਤ 43) |
| ਲੋਕ ਇਸ ਘਟਨਾ ਤੋਂ ਭੱਜ ਸਕਣਗੇ (ਆਇਤ 16) | ਲੋਕ ਇਸ ਘਟਨਾਂ ਤੋਂ ਭੱਜ ਨਹੀਂ ਸਕਣਗੇ (ਇਕ ਲੈ ਲਿਆ ਅਤੇ ਇਕ ਛੱਡ ਦਿੱਤਾ; ਆਇਤਾਂ 40, 41) |

## ਚਾਰਟ 2: ਮੱਤੀ 24 ਦੀ ਇਕ ਰੂਪਰੇਖਾ

| ਚੇਲਿਆਂ ਦੇ ਸਵਾਲਾਂ ਦੇ ਦੋ ਸੈੱਟ | ਹੈਕਲ ਦੀ ਬਰਬਾਦੀ ਤੇ ਯਿਸੂ ਦਾ ਜ਼ੋਰ | | | | | ਯਿਸੂ ਦਾ ਦੂਜੀ ਆਮਦ ਤੇ ਜ਼ੋਰ |
|---|---|---|---|---|---|---|
| ਆਇਤ 3 | ਆਇਤਾਂ 4–35 | | | | | ਆਇਤਾਂ 36–51 |
| ‘‘ਇਹ ਗੱਲਾਂ ਕਦੋਂ ਹੋਣਗੀਆਂ?’’ | ਆਇਤਾਂ 4–14 ਕੋਈ ਨਿਸ਼ਾਨ ਨਹੀਂ ਦਿੱਤਾ ਗਿਆ | ਆਇਤਾਂ 15–20 ਨਿਸ਼ਾਨ ਦੱਸਿਆ ਗਿਆ ਹੈ ਲੂਕਾ 21:20 | ਆਇਤਾਂ 21–28 ਯਰੂਸ਼ਲਮ ਦੀ ਬਰਬਾਦੀ ਦਾ ਇਕ ਵੇਰਵਾ ਦਿੱਤਾ ਗਿਆ ਹੈ। | ਆਇਤਾਂ 29–31 ਇਕਦਮ ਬਾਅਦ ਵਿਚ ਹੋਣ ਵਾਲੀਆਂ ਘਟਨਾਵਾਂ ਦੱਸੀਆਂ ਗਈਆਂ | ਆਇਤਾਂ 32–35 ਆਇਤ 34 ਦੱਸਦੀ ਹੈ ਕਿ ਕਦੋਂ: ‘‘ਇਸੇ ਪੀੜ੍ਹੀ ਵਿਚ।’’ | |
| ‘‘ਤੇਰੇ ਆਉਣ ਦਾ ਅਤੇ ਜੁਗ ਦੇ ਅੰਤ ਦਾ ਕੀ ਨਿਸ਼ਾਨ ਹੋਊ?’’ | | | | | | ਆਇਤਾਂ 36–51 ‘‘ਕੋਈ ਨਿਸ਼ਾਨ ਨਹੀਂ ਦਿੱਤਾ ਜਾਵੇਗਾ!’’ |